# ਰੇਡੀਓ ਲਵੀਵਾਰ-ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ
# ਕੜੀ-4, ਧਰਤ ਦੀ ਜਲਵਾਯੂ ਪ੍ਰਣਾਲੀ ਵਿੱਚ ਭਿੰਨਤਾਵਾਂ

## (Variations in The Climate System of Our Planet Earth)

ਮੂਲ ਲੇਖਕ-ਨੇਹਾ ਤ੍ਰਿਪਾਠੀ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode, there is a story of the variations or we may say diversity found in the climate of planet earth. Though there are innumerable facts and phenomena to be revealed, because of the fact that there are a large number of variations depending upon the areas involved. There are vast varieties of climate on this planet. There is no doubt that each of those has its own specific story to tell. In order to understand the different kinds of variations the explaination has been supported by specific examples and by way of different kinds of activities.)

(ਇਸ ਕੜੀ ਵਿੱਚ ਧਰਤੀ ਦੀ ਜਲਵਾਯੂ ਪ੍ਰਣਾਲੀ ਵਿੱਚ ਪਾਈਆਂ ਜਾਂਦੀਆਂ ਭਿੰਨਤਾਵਾਂ ਜਾਂ ਕਹਿ ਲਓ ਵੰਨ-ਸੁਵੰਨਤਾ ਦੀ ਚਰਚਾ ਕੀਤੀ ਗਈ ਹੈ। ਬੇਸ਼ੱਕ ਇਸ ਬਾਰੇ ਦੱਸਣ ਦੇ ਲਈ ਬਹੁਤ ਕੁਝ ਹੈ ਕਿਉਂਕਿ ਧਰਤੀ ਦੀ ਜਲਵਾਯੂ ਪ੍ਰਣਾਲੀ ਵਿਚ ਇਲਾਕਿਆਂ ਦੇ ਲਿਹਾਜ ਨਾਲ ਵੀ ਬਹੁਤ ਸਾਰੀਆਂ ਭਿੰਨਤਾਵਾਂ ਹਨ। ਇਸ ਗ੍ਰਹਿ ਤੇ ਤਾਂ ਭਾਂਤ ਭਾਂਤ ਦਾ ਜਲਵਾਯੂ ਹੈ। ਉਨ੍ਹਾਂ ‘ਚੋਂ ਹਰ ਇਕ ਦੀ ਅਲੱਗ ਕਹਾਣੀ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਉਨ੍ਹਾਂ ਨਾ-ਨਾ ਪ੍ਰਕਾਰ ਦੀਆਂ ਭਿੰਨਤਾਵਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਣ ਲਈ ਵਿਸ਼ੇਸ਼ ਉਦਾਹਰਨਾਂ ਅਤੇ ਭਿੰਨ-ਭਿੰਨ ਗਤੀਵਿਧੀਆਂ ਦੁਆਰਾ ਦੱਸਿਆ ਗਿਆ ਹੈ।)

### ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

| | |
|---|---|
| ਮਨਜੀਤ | : 10 ਸਾਲ ਦੀ ਬੱਚੀ |
| ਕਮਲਾ | : ਮਾਂ (35 ਸਾਲ) |
| ਰਾਜਿੰਦਰ ਸਿੰਘ | : ਦਾਦਾ ਜੀ (45 ਸਾਲ) |
| ਸੁਨੀਲ | : ਮੌਸਮ ਵਿਗਿਆਨੀ |
| ਲਕਸ਼ਮਣ | : ਡਰਾਇਵਰ |
| ਰਾਘਵ | : ਚਾਹ ਵਾਲਾ |

### ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ…)

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਸਾਡੇ ਨਵੇਂ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" **ਦੀ ਚੌਥੀ ਕੜੀ।**

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ …ਤੁਹਾਡਾ ਸਭ ਦਾ ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਇਸ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ ਚੌਥੀ ਕੜੀ ਵਿੱਚ ਨਿਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ:** ਹਾਂ! ਇਸ ਵਿਗਿਆਨ ਲੜੀਵਾਰ ਦੀ ਪਿਛਲੀ ਕੜੀ "**ਧਰਤ ਗ੍ਰਹਿ ਦੀ ਜਲਵਾਯੂ ਪ੍ਰਣਾਲੀ ਦੇ ਲਈ ਜ਼ਿੰਮੇਵਾਰ ਕਾਰਕ**" ਵਿੱਚ ਸੁਣੀ ਸੀ ਕਹਾਣੀ ਅਸੀਂ ਸਾਡੇ ਇਸ ਧਰਤ ਗ੍ਰਹਿ ਦੀ ਜਲਵਾਯੂ ਪ੍ਰਣਾਲੀ ਵਿੱਚ ਬਦਲਾਅ ਲਿਆਉਣ ਵਾਲੇ ਕਾਰਕਾਂ ਦੀ ਜਾਂ ਕਹਿ ਲਓ ਘਟਕਾਂ ਦੀ!

**ਔਰਤ ਸੂਤਰਧਾਰ:** ਸੁਣਿਆ ਸੀ ਤੁਸੀਂ! ਕਿ ਕਿਵੇਂ ਡਰ ਗਏ ਸਨ ਬੱਚੇ ਜਦ ਉਨ੍ਹਾਂ ਨੇ ਵੇਖਿਆ ਸੀ ਫਿਲਮ ਵਿੱਚ ਪਿਘਲਦੀਆਂ ਬਰਫਾਨੀ ਚੋਟੀਆਂ ਨੂੰ, ਚੜ੍ਹਦੇ ਹੋਏ ਸਮੁੰਦਰ ਨੂੰ ਤੇ ਡੁਬਦੇ ਟਾਪੂਆਂ ਅਤੇ ਡੁਬਦੀਆਂ ਸਮੁੰਦਰ ਦੇ ਤਟੀ ਇਲਾਕਿਆਂ ਦੀਆਂ ਬਸਤੀਆਂ ਨੂੰ!

**ਮਰਦ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਸਾਡੇ ਰੋਜਾਨਾ ਜੀਵਣ ਦੀਆਂ ਗਤੀ ਵਿਧੀਆਂ ਦੀ ਹੈ ਇਹ ਪ੍ਰਤੀਕਿਰਿਆ ਜੋ ਪ੍ਰਗਟ ਹੁੰਦੀ ਹੈ ਇਸ ਜਲਵਾਯੂ ਦੇ ਬਦਲਾਅ ਦੇ ਸੈਲਾਬ ਵਜੋਂ!

**ਔਰਤ ਸੂਤਰਧਾਰ:** ਵੇਖੋ ਜੀ ! ਕਹਾਣੀ ਅਸੀਂ ਦਿੱਤੀ ਸੀ ਸੁਣਾ ਕਿ ਸਾਡੇ ਆਧੁਨਿਕ ਵਿਕਾਸ ਦੇ ਮਾਡਲ ਕਾਰਨ ਅਸੀਂ ਵੱਢ ਦਿੱਤੇ ਵਣ ਤੇ ਉਸਾਰ ਦਿੱਤੇ ਕੰਕਰੀਟ ਦੇ ਜੰਗਲ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਆਏ ਹੜ੍ਹ ਇਨ੍ਹਾਂ ਹੀ ਕਾਰਨਾਂ ਕਰਕੇ?

**ਔਰਤ ਸੂਤਰਧਾਰ:** ਤੇ ਕਿਵੇਂ ਦਿੰਦੀਆਂ ਨੇ ਜਨਮ ਸੁਨਾਮੀਆਂ ਤੇ ਅਲ ਨੀਨੋਆਂ ਨੂੰ ਸਾਡੀਆਂ ਇਹ ਗਤੀਵਿਧੀਆਂ?

**ਮਰਦ ਸੂਤਰਧਾਰ:** ਹਾਂ ਜੀ! ਸੁਣ ਲਈ ਸੀ ਕਹਾਣੀ ਧਰਤੀ ਦੇ ਪੰਜ ਮੰਡਲਾਂ ਦੀ; ਜਲ-ਮੰਡਲ, ਥਲ-ਮੰਡਲ, ਵਾਯੂ – ਮੰਡਲ, ਜੈਵ-ਮੰਡਲ ਤੇ ਹਿੰਮ-ਮੰਡਲ ਦੀ।

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕੀ ਹੈ ਰਿਸ਼ਤਾ ਇਨ੍ਹਾਂ ਮੰਡਲਾਂ ਦਾ?

**ਮਰਦ ਸੂਤਰਧਾਰ:** ਦੱਸ ਦਿੱਤਾ ਸੀ ਇਹ ਸੱਚ ਵੀ ਕਿ ਜੈਵ ਮੰਡਲ ਵਸਦਾ ਹੈ ਜਲ, ਥਲ ਤੇ ਵਾਯੂ ਮੰਡਲ ਦੇ ਸੁਮੇਲ 'ਤੇ!

**ਔਰਤ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ ਕਿ ਕਿਹੜੀਆਂ ਕਿਹੜੀਆਂ ਤੇ ਕਿੱਥੇ ਕਿੱਥੇ ਨੇ ਭਿੰਨਤਾਵਾਂ ਧਰਤੀ ਦੀ ਜਲਵਾਯੂ ਪ੍ਰਣਾਲੀ ਦੇ ਵਿੱਚ?

**ਮਰਦ ਸੂਤਰਧਾਰ:** ਲਓ ਸੁਣੋ ਇਸ ਨਵੇਂ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਚੌਥੀ ਕੜੀ "**ਧਰਤ ਦੀ ਜਲਵਾਯੂ ਪ੍ਰਣਾਲੀ ਵਿੱਚ ਭਿੰਨਤਾਵਾਂ**" ਲਓ! ਇਉਂ ਕਰਦੇ ਨੇ ਪੇਸ਼ਕਾਰੀ ਸਾਡੇ ਇਹ ਕਲਾਕਾਰ!

……**ਦ੍ਰਿਸ਼ ਬਦਲਾਅ ਸੰਗੀਤ**……

……ਦ੍ਰਿਸ਼ ਪਹਿਲਾ……

**ਕਮਲਾ** : ਹੱਸ ਨਾ.. ਇਹ ਚੰਗੀ ਗੱਲ ਨਹੀਂ..

**ਮਨਜੀਤ** : ਮਾਂ..ਇਹ ਗਾ ਕੀ ਰਹੇ ਹਨ ? ਮੈਨੂੰ ਤਾਂ ਠੀਕ ਤਰ੍ਹਾਂ ਸੁਣਾਈ ਨਹੀਂ ਦੇ ਰਿਹਾ..

**ਲਕਸ਼ਮਣ** : ਕੀ ਹੋਇਆ ਬੇਟੀ? ਤੂੰ ਮੇਰੇ 'ਤੇ ਹੱਸ ਰਹੀ ਏਂ!

**ਕਮਲਾ** : ਨਹੀਂ ਭਾਈ ਨਹੀਂ! ਬਿਲਕੁਲ ਨਹੀਂ..

**ਮਨਜੀਤ** : ਅੰਕਲ, ਤੁਸੀਂ ਕੀ ਗਾ ਰਹੇ ਹੋ?

**ਲਕਸ਼ਮਣ** : ਕੁਝ ਨਹੀਂ ਬੇਟਾ.. ਮੈਂ ਤਾਂ ਬਸ ਗੁਣਗੁਣਾ ਰਿਹਾ ਹਾਂ..

**(ਮਨਜੀਤ ਫਿਰ ਹੱਸਣ ਲੱਗਦੀ ਹੈ)**

**ਕਮਲਾ** : ਪਾਪਾ, ਤੁਸੀਂ ਇਹ ਸ਼ਾਲ ਲੈ ਲਉ.. ਠੰਡ ਵਧ ਰਹੀ ਹੈ..

**ਮਨਜੀਤ** : ਹਾਂ ਮਾਂ, ਮੈਨੂੰ ਵੀ ਠੰਡ ਲੱਗ ਰਹੀ ਹੈ..

**ਰਾਜਿੰਦਰ ਸਿੰਘ**: ਤੁਸੀਂ ਵੀ ਗਰਮ ਕੱਪੜੇ ਪਾ ਲਉ… ਬਾਕੀ ਗਰਮ ਕੱਪੜੇ ਵੀ ਇੱਥੇ ਹੀ ਪਏ ਹਨ.. ਹੁਣ ਜਿਵੇਂ-ਜਿਵੇਂ ਅਸੀਂ ਪਹਾੜੀ 'ਤੇ ਜਾਵਾਂਗੇ ਉਵੇਂ-ਉਵੇਂ ਠੰਡ ਵਧਦੀ ਜਾਵੇਗੀ..

**ਮਨਜੀਤ** : ਇਹ ਕਿੰਨਾਂ ਅਜੀਬ ਹੈ ਦਾਦਾ ਜੀ.. ! ਵੀਰਾ ਤਾਂ ਏ.ਸੀ. ਵਿਚ ਬੈਠਾ ਟੀ.ਵੀ. ਵੇਖ ਰਿਹਾ ਹੋਵੇਗਾ.. ਅਤੇ ਅਸੀਂ ਇੱਥੇ ਗਰਮ ਕੱਪੜੇ ਪਾਏ ਹੋਏ ਨੇ.. ਮੈਨੂੰ ਪਤਾ ਹੈ ਕਿ ਨੈਨੀਤਾਲ ਇਕ ਪਹਾੜੀ ਸਥਾਨ ਹੈ ਅਤੇ ਉਥੇ ਠੰਡ ਹੁੰਦੀ ਹੈ ਪਰ ਮੈਨੂੰ ਇਹ ਸਮਝ ਨਹੀਂ ਆ ਰਿਹਾ ਕਿ ਮੈਂ ਅਤੇ ਵੀਰਾ ਇਕ ਹੀ ਦੇਸ਼ ਵਿਚ ਹਾਂ ਅਤੇ ਬਸ! ਕੁਝ 300 ਕਿ.ਮੀ. ਦੀ ਦੂਰੀ 'ਤੇ… ਫਿਰ ਵੀ ਐਨਾ ਫ਼ਰਕ ਕਿਵੇਂ? ਕਿਹੋ ਜਿਹਾ ਮਜ਼ਾਕ ਹੈ ਇਹ ?

**ਕਮਲਾ** : ਤੈਨੂੰ ਤਾਂ ਸਭ ਕੁਝ ਮਜ਼ਾਕ ਹੀ ਲੱਗਦਾ ਐ.. ਅਰਾਮ ਨਾਲ ਬੈਠ.. ਜਾਹ! ਦਾਦਾ ਜੀ ਨਾਲ ਸ਼ਾਲ ਵਿਚ ਬੈਠ..

**ਮਨਜੀਤ** : ਅੰਕਲ, ਤੁਸੀਂ ਵੀ ਕੁਝ ਗਰਮ ਕੱਪੜੇ ਪਾ ਲਉ…

**ਲਕਸ਼ਮਣ** : ਮੇਰੀ ਚਿੰਤਾ ਨਾ ਕਰ ਬੇਟਾ.. ਮੈਨੂੰ ਤਾਂ ਇਸ ਮੌਸਮ ਦੀ ਆਦਤ ਹੈ.. ਮੈਨੂੰ ਇੱਥੇ ਰਹਿੰਦੇ ਹੋਏ ਅਤੇ ਟੈਕਸੀ ਚਲਾਉਂਦੇ ਹੋਏ ਦਸ ਸਾਲ ਤੋਂ ਵੀ ਜ਼ਿਆਦਾ ਹੋ ਗਏ ਹਨ.. ਮੈਨੂੰ ਐਨੀ ਠੰਡ ਨਹੀਂ ਲੱਗਦੀ.. ਹਾਂ, ਨੈਨੀਤਾਲ ਜਾ ਕੇ ਮੈਨੂੰ ਵੀ ਗਰਮ ਕੱਪੜਿਆਂ ਦੀ ਜ਼ਰੂਰਤ ਪਏਗੀ..

**ਮਨਜੀਤ** : ਅਜਿਹਾ ਕਿਵੇਂ ਹੋ ਸਕਦਾ ਹੈ ਕਿ ਸਾਨੂੰ ਠੰਡ ਲੱਗ ਰਹੀ ਹੈ ਅਤੇ ਤੁਹਾਨੂੰ ਨਹੀਂ… ਇਹ ਤਾਂ ਜਾਦੂ ਹੈ..

**ਲਕਸ਼ਮਣ** : ਕੋਈ ਜਾਦੂ ਨਹੀਂ.. ਅਸੀਂ ਇੱਥੇ ਰਹਿੰਦੇ ਹਾਂ, ਸਾਨੂੰ ਇਸ ਥਾਂ ਦੀ ਆਦਤ ਪੈ ਗਈ ਹੈ… ਸਾਨੂੰ ਠੰਡ 'ਚ ਹੀ ਮਜ਼ਾ ਆਉਂਦਾ ਹੈ.. ਅਤੇ ਗਰਮ ਥਾਵਾਂ 'ਤੇ ਸਾਨੂੰ ਪ੍ਰੇਸ਼ਾਨੀ ਹੁੰਦੀ ਹੈ.. ਸਾਡੇ ਲਈ ਗਰਮ ਥਾਵਾਂ 'ਤੇ ਰਹਿਣਾ ਮੁਸ਼ਕਿਲ ਹੁੰਦਾ ਹੈ.. ਅਤੇ ਠੰਡੀ ਥਾਂ ਸਾਨੂੰ ਚੰਗੀ ਲੱਗਦੀ ਹੈ.. ਅਤੇ ਤੁਹਾਡੇ ਨਾਲ ਬਿਲਕੁਲ ਉਲਟਾ ਹੈ…

**ਰਾਜਿੰਦਰ ਸਿੰਘ**: ਲਕਸ਼ਮਣ! ਰਸਤੇ 'ਚ ਕਿਤੇ ਚਾਹ ਦੀ ਦੁਕਾਨ ਹੋਵੇ ਤਾਂ ਰੋਕਣਾ, ਠੰਡ 'ਚ ਚਾਹ ਦਾ ਮਜ਼ਾ ਹੀ ਅਲੱਗ ਹੈ..

**ਲਕਸ਼ਮਣ** : ਸਾਹਿਬ, ਮੈਂ ਬਸ ਸੋਚ ਹੀ ਰਿਹਾ ਸੀ ਕਿ ਤੁਹਾਨੂੰ ਆਪਣੇ ਦੋਸਤ ਦੀ ਚਾਹ ਦੀ ਦੁਕਾਨ 'ਤੇ ਲੈ ਕੇ ਜਾਵਾਂਗਾ.. ਉਹ ਮੇਰਾ ਬਹੁਤ ਚੰਗਾ ਦੋਸਤ ਹੈ ਅਤੇ ਬਹੁਤ ਹੀ ਵਧੀਆ ਚਾਹ ਬਣਾਉਂਦਾ ਹੈ.. ਇੱਥੋਂ ਤਕਰੀਬਨ ਦੋ ਕਿ.ਮੀ. ਦੂਰ ਹੈ। ਉਸ ਦੀ ਚਾਹ ਦੀ ਦੁਕਾਨ ਅਤੇ ਉੱਥੋਂ ਦਾ ਨਜ਼ਾਰਾ ਵੀ ਬਹੁਤ ਚੰਗਾ ਹੈ..

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**(ਗੱਡੀ ਦੇ ਰੁਕਨ ਦੀ ਆਵਾਜ਼.. ਲੋਕਾਂ ਦੇ ਗੱਲਾਂ ਕਰਨ ਦੀ ਆਵਾਜ਼)**

**ਲਕਸ਼ਮਣ** : ਕਿਵੇਂ ਆਂ ਰਾਘਵ.. ਦੇਖ ਮੈਂ ਫਿਰ ਆ ਗਿਆ..

**ਰਾਘਵ** : ਓ ਲਕਸ਼ਮਣ ਕਿਵੇਂ ਆਂ.. ਬਹੁਤ ਦਿਨਾਂ ਬਾਅਦ ਦਿਖਾਈ ਦਿੱਤਾਂ.. ਤੇਰੀ ਭੈਣ ਦਾ ਵਿਆਹ ਕਿਵੇਂ ਰਿਹਾ?

**ਲਕਸ਼ਮਣ** : ਸਭ ਕੁਝ ਠੀਕ ਠਾਕ ਹੋ ਗਿਆ.. ਉਹ ਆਪਣੇ ਘਰ ਖੁਸ਼ ਹੈ..

**ਰਾਘਵ** : ਹੋਰ ਕੀ ਚਾਹੀਦਾ ਵੀਰ!

**ਰਾਜਿੰਦਰ ਸਿੰਘ**: ਲਕਸ਼ਮਣ... ਇਸ ਨੂੰ ਵਧੀਆ ਚਾਹ ਬਨਾਉਣ ਲਈ ਕਹੋ ਨਾ... ਮੇਰੇ ਸਿਰ 'ਚ ਦਰਦ ਹੋ ਰਿਹਾ ਹੈ..

**ਲਕਸ਼ਮਣ** : ਸਾਹਿਬ, ਤੁਸੀਂ ਇੱਥੇ ਬੈਠੋ.. ਮੈਂ ਤੁਹਾਡੇ ਲਈ ਚਾਹ ਲੈ ਕੇ ਆਉਂਦਾ ਹਾਂ.. ਮੈਡਮ ਤੁਸੀਂ ਵੀ ਚਾਹ ਪੀਉਗੇ?

**ਕਮਲਾ** : ਹਾਂ ਅਤੇ ਮਨਜੀਤ ਦੇ ਲਈ ਇਕ ਗਿਲਾਸ ਗਰਮ ਦੁੱਧ..

**ਮਨਜੀਤ** : ਮਾਂ, ਕੀ ਮੈਂ ਚਾਹ ਪੀ ਸਕਦੀ ਹਾਂ?

**ਰਾਜਿੰਦਰ ਸਿੰਘ**: ਹਾਂ, ਪੀ ਤਾਂ ਸਕਦੀ ਹੈਂ ਪਰ ਤੈਨੂੰ ਤਾਂ ਦੁੱਧ ਹੀ ਪੀਣਾ ਚਾਹੀਦਾ ਹੈ.. ਤੇਰੇ ਲਈ ਉਹੀ ਚੰਗਾ ਹੈ.. ਤੇਰੇ ਮੰਮੀ ਠੀਕ ਆਖ ਰਹੇ ਹਨ.. ਤੈਨੂੰ ਚਾਹ ਪੀਣ ਦੀ ਆਦਤ ਨਹੀਂ.. ਅਤੇ ਅਸਾਂ ਅਜੇ ਅੱਗੇ ਵੀ ਜਾਣਾ ਹੈ.. ਘੱਟੋ-ਘੱਟ 2 ਘੰਟੇ ਹੋਰ ਲੱਗਣਗੇ ਨੈਨੀਤਾਲ ਪਹੁੰਚਣ 'ਚ.. ਉੱਥੇ ਸੁਨੀਲ ਸਾਡੀ ਉਡੀਕ ਕਰ ਰਹੇ ਹੋਣਗੇ..

**ਮਨਜੀਤ** : ਠੀਕ ਹੈ ਦਾਦਾ ਜੀ.. ਮੈਂ ਦੁੱਧ ਪੀ ਲੈਂਦੀ ਹਾਂ ਪਰ ਅਸੀਂ ਸੁਨੀਲ ਅੰਕਲ ਦੇ ਘਰ ਕਿਉਂ ਜਾ ਰਹੇ ਹਾਂ..

**ਕਮਲਾ** : ਕਿਉਂਕਿ ਸੁਨੀਲ ਅੰਕਲ ਤੁਹਾਡੇ ਪਾਪਾ ਦੇ ਦੋਸਤ ਹਨ.. ਉਨ੍ਹਾਂ ਨੇ ਤੁਹਾਡੇ ਪਾਪਾ ਨੂੰ ਕਿਹਾ ਹੈ ਕਿ ਅਸੀਂ ਉਨ੍ਹਾਂ ਦੇ ਘਰ ਹੀ ਠਹਿਰੀਏ.. ਅਤੇ ਹਾਂ ਤੁਹਾਨੂੰ ਇਹ ਗਰਮੀ ਅਤੇ ਠੰਡ ਦਾ ਫੰਡਾ ਬਹੁਤ ਮਜ਼ੇਦਾਰ ਲੱਗ ਰਿਹਾ ਸੀ ਨਾ.. ਹੁਣ ਸੁਨੀਲ ਹੀ ਤੈਨੂੰ ਇਸ ਬਾਰੇ ਚੰਗੀ ਤਰ੍ਹਾਂ ਸਮਝਾਉਣਗੇ..

**ਮਨਜੀਤ** : ਉਹ ਕਿਵੇਂ?

**ਕਮਲਾ** : ਕਿਉਂਕਿ ਸੁਨੀਲ ਇੱਕ ਮੌਸਮ ਵਿਗਿਆਨੀ ਹਨ..

**ਮਨਜੀਤ** : ਪਰ..

**ਕਮਲਾ** : ਹੁਣ ਕੋਈ ਸਵਾਲ ਨਹੀਂ.. ਬਸ ਸਬਰ ਨਾਲ ਉਡੀਕ ਕਰ... , ਨੈਨੀਤਾਲ ਪਹੁੰਚਣ ਦੀ !

**ਰਾਘਵ** : ਨਮਸਕਾਰ ਸਾਹਿਬ ਜੀ ਇਹ ਲਓ ਤੁਹਾਡੀ ਚਾਹ.. ਇਸ ਇਲਾਕੇ 'ਚ ਇਸ ਤੋਂ ਚੰਗੀ ਚਾਹ ਤੁਹਾਨੂੰ ਨਹੀਂ ਮਿਲੇਗੀ.. ਪੀ ਕੇ ਦੇਖੋ..

**ਰਾਜਿੰਦਰ ਸਿੰਘ**: ਬਹੁਤ ਵਧੀਆ.. ਤੁਸੀਂ ਇੱਥੇ ਕਦੋਂ ਤੋਂ ਹੋ.. ਇੱਥੇ ਆਉਣ ਵਾਲੇ ਲੋਕਾਂ ਨੂੰ ਚਾਹ ਪਿਲਾ ਰਹੇ ਹੋ..

**ਰਾਘਵ** : ਮੈਂ ਤਾਂ ਬਚਪਨ ਤੋਂ ਇੱਥੇ ਹੀ ਹਾਂ ਸਾਹਿਬ.. ਇਹੀ ਸਭ ਦੇਖਿਆ ਹੈ.. ਜਦੋਂ ਅੱਠ ਸਾਲ ਦਾ ਸੀ ਉਦੋਂ ਤੋਂ ਪਿਤਾ ਜੀ ਨਾਲ ਲੋਕਾਂ ਨੂੰ ਚਾਹ ਪਿਲਾਉਂਦਾ ਸੀ.. ਮੈਂ ਚਾਹ ਬਨਾਉਣੀ ਵੀ ਉਨ੍ਹਾਂ ਤੋਂ ਹੀ ਸਿਖੀ..

**ਮਨਜੀਤ** : ਮੰਮੀ, ਦੇਖੋ ਅੰਕਲ ਨੇ ਵੀ ਗਰਮ ਕੱਪੜੇ ਨਹੀਂ ਪਾਏ..

**ਰਾਘਵ** : ਕੋਈ ਗੱਲ ਨਹੀਂ ਬੇਟਾ.. ਸਾਨੂੰ ਐਨੀ ਠੰਡ ਨਹੀਂ ਲੱਗਦੀ.. ਪਰ ਹੁਣ ਜਦੋਂ ਸ਼ਾਮ ਹੋਵੇਗੀ ਤਾਂ ਸਾਨੂੰ ਵੀ ਪਹਿਨਣਾ ਪਏਗਾ ਕੋਈ ਗਰਮ ਕੱਪੜਾ, ਠੰਡ ਜੋ ਵਧ ਜਾਏਗੀ.. ਫਿਲਹਾਲ ਇਸ ਸ਼ਾਲ ਨਾਲ ਕੰਮ ਸਰ ਜਾਂਦਾ ਹੈ...

**ਰਾਜਿੰਦਰ ਸਿੰਘ (ਚਾਹ ਪੀਂਦੇ ਹੋਏ)**: ਬਹੁਤ ਚੰਗੀ ਚਾਹ ਬਣਾਈ ਹੈ.. ਅਜਿਹਾ ਲੱਗ ਰਿਹਾ ਹੈ ਜਿਵੇਂ ਤੁਹਾਨੂੰ ਪਤਾ ਸੀ ਕਿ ਮੈਨੂੰ ਕੀ ਚਾਹੀਦਾ.. ਕਮਲਾ ਤੁਸੀਂ ਵੀ ਆਪਣੀ ਚਾਹ ਪੀਉ... ਬਹੁਤ ਸਵਾਦ ਹੈ..

**ਲਕਸ਼ਮਣ** : ਨੈਨੀਤਾਲ ਜਾਂਦੇ ਹੋਏ ਸੈਲਾਨੀ, ਰਸਤੇ ਵਿਚ ਇੱਥੇ ਜ਼ਰੂਰ ਰੁਕਦੇ ਹਨ.. ਰਘੂ ਦੀ ਚਾਹ ਵਲਡ ਫੈਮਸ਼ ਹੈ ਇੱਥੇ! ਅਸੀਂ.. ਰਾਘਵ ਨੂੰ ਪਿਆਰ ਨਾਲ ਰਘੂ ਕਹਿੰਦੇ ਹਾਂ..

**ਰਾਘਵ** : ਇਹ ਤਾਂ ਤੁਹਾਡੇ ਵਰਗੇ ਲੋਕਾਂ ਦਾ ਆਸ਼ੀਰਵਾਦ ਰਿਹਾ ਹੈ ਕਿ ਮੇਰਾ ਇਹ ਹੁਨਰ ਐਨਾ ਵਧੀਆ ਬਣ ਗਿਆ!

**ਲਕਸ਼ਮਣ** : ਹੁਣ ਐਨਾ ਮਹਾਨ ਵੀ ਨਾ ਬਣ..

**ਕਮਲਾ** : ਨਹੀਂ, ਨਹੀਂ ਉਹ ਸਹੀ ਆਖ ਰਿਹਾ ਹੈ.. ਗਾਹਕਾਂ ਦੀ ਪਸੰਦ ਨਾ ਪਸੰਦ ਦੀਆਂ ਟਿਪਣੀਆਂ 'ਤੇ ਅਮਲ ਕਰਦੇ ਕਰਦੇ ਹੀ ਤਾਂ ਇਸਦੇ ਹੁਨਰ ਵਿੱਚ ਐਨਾ ਸੁਧਾਰ ਆਇਆ ਹੈ !

**ਮਨਜੀਤ** : ਮੇਰਾ ਦੁੱਧ ਵੀ ਬਹੁਤ ਚੰਗਾ ਹੈ ਮੰਮੀ..

**(ਸਾਰੇ ਹੱਸਦੇ ਹਨ)**

**ਰਾਘਵ** : ਪਿਛਲੇ ਹਫ਼ਤੇ ਇੱਥੇ ਇਕ ਨਵ ਵਿਆਹੀ ਜੋੜੀ ਆਈ ਸੀ.. ਉਹ ਇੱਥੇ ਚਾਹ ਪੀਣ ਰੁਕੇ.. ਪਤਨੀ ਦੀ ਤਬੀਅਤ ਕੁਝ ਖਰਾਬ ਸੀ.. ਉਹ ਬਹੁਤ ਕੰਬ ਰਹੀ ਸੀ.. ਉਨ੍ਹਾਂ ਨੂੰ ਇੱਥੇ ਦੀ ਠੰਡ ਬਰਦਾਸ਼ਤ ਹੀ ਨਹੀਂ ਸੀ ਹੋ ਰਹੀ.. ਉਨ੍ਹਾਂ ਦਿਨਾਂ 'ਚ ਠੰਡ ਹੈ ਵੀ ਬਹੁਤ ਸੀ.. ਉਨ੍ਹਾਂ ਦੀ ਤਬੀਅਤ ਐਨੀ ਖਰਾਬ ਹੋਈ ਕਿ ਉਨ੍ਹਾਂ ਨੂੰ ਅੱਧੇ ਰਸਤੇ ਵਿਚੋਂ ਹੀ ਮੁੜਣਾ ਪਿਆ...

**ਮਨਜੀਤ** : ਬੜੀ ਹੀ ਅਜੀਬ ਗੱਲ ਹੈ.. ਇਕ ਥਾਂ 'ਤੇ ਐਨੀ ਗਰਮੀ ਕਿ ਏ.ਸੀ. 'ਚ ਬੈਠੋ.. ਅਤੇ ਦੂਜੀ ਤਾਂ ਐਨੀ ਸਰਦੀ ਕਿ ਗਰਮ ਕੱਪੜੇ ਪਾਉ.. ਜਦੋਂ ਮੈਂ ਘਰ ਤੋਂ ਨਿਕਲੀ ਸੀ ਤਾਂ ਮੈਂ ਸਿਰਫ਼ ਫਰਾਕ ਪਾਈ ਸੀ ਅਤੇ ਹੁਣ ਇਹ ਸਵੈਟਰ, ਜੁਰਾਬਾਂ, ਟੋਪੀ ਅਤੇ ਦਾਦਾ ਜੀ ਦੀ ਸ਼ਾਲ ਵੀ..

**ਰਾਘਵ** : ਇਹ ਤਾਂ ਰੱਬ ਦਾ ਜਾਦੂ ਹੈ.. ਜਿਸ ਨੇ ਇਹ ਜੰਨਤ ਬਣਾਈ ਹੈ..

**ਕਮਲਾ** : ਬੇਟੀ! ਇਹ ਸਭ ਧਰਤੀ ਦੇ ਜਲਵਾਯੂ ਖੇਤਰਾਂ ‘ਤੇ ਨਿਰਭਰ ਕਰਦਾ ਹੈ..

**ਰਾਘਵ** : ਇਸ ਜੰਨਤ ਦੀ ਸਿਰਜਨਾ ਵਿਚ ਕੁਦਰਤ ਦੀ ਅਤੇ ਵਿਗਿਆਨ ਦੀ ਬਹੁਤ ਅਹਿਮ ਭੂਮਿਕਾ ਹੈ । ਕੁਦਰਤ ਵਿੱਚ ਪਾਈ ਜਾਂਦੀ ਸਜੀਵ ਤੇ ਨਿਰਜੀਵ ਵੰਨ ਸੁਵੰਨਤਾ ਇਸ ਜੰਨਤ ਨੂੰ ਹੋਰ ਸੁਹਣਾ ਬਣਾਉਂਦੀ ਹੈ।

**ਮਨਜੀਤ** : ਸਾਡੇ ਸਕੂਲ ‘ਚ ਧਰਤੀ ‘ਤੇ ਇਕ ਨਾਟਕ ਹੋਇਆ ਸੀ.. ਯਾਦ ਹੈ ਮੰਮੀ ਤੁਹਾਨੂੰ? ਮੈਂ ਵੀ ਉਸ ਵਿੱਚ ਪਾਤਰ ਸੀ... ਮੈਂ ਨਾਟਕ ਵਿਚ ਧਰਤੀ ਬਣੀ ਸੀ.. ਮੇਰੀਆਂ ਲਾਈਨਾਂ ਸਨ-

**(ਮਨਜੀਤ ਆਪਣੇ ਨਾਟਕ ਦੀਆਂ ਲਾਈਨਾਂ ਬੋਲਣਾ ਸ਼ੁਰੂ ਕਰਦੀ ਹੈ)**

**ਮਨਜੀਤ** : ਕੀ ਤੁਸੀਂ ਜਾਣਦੇ ਹੋ ਮੈਂ ਕੌਣ ਹਾਂ? ਮੈਂ ਹਾਂ ਧਰਤੀ.. ਮੈਂ ਤੁਹਾਡੇ ਨਾਲ ਕੁਝ ਅਜਿਹੀਆਂ ਚੀਜ਼ਾਂ ਦੇ ਬਾਰੇ ਗੱਲ ਕਰਨੀ ਚਾਹੁੰਦੀ ਹਾਂ.. ਜਿਨ੍ਹਾਂ ਦੀ ਮੈਨੂੰ ਚਿੰਤਾ ਹੁੰਦੀ ਹੈ ਅਤੇ ਤੁਹਾਨੂੰ ਵੀ ਇਨ੍ਹਾਂ ਚੀਜ਼ਾਂ ਬਾਰੇ ਪ੍ਰੇਸ਼ਾਨ ਹੋਣਾ ਚਾਹੀਦਾ ਹੈ.. ਹਰ ਕੋਈ ਮੌਸਮ ਦੇ ਬਾਰੇ ਗੱਲ ਕਰਦਾ ਹੈ, ਜਿਵੇਂ ਕਿ ਅੱਜ ਦਾ ਮੌਸਮ ਕਿਵੇਂ ਹੋਵੇਗਾ ਅਤੇ ਆਉਣ ਵਾਲਾ ਦਿਨ ਕਿਵੇਂ ਦਾ ਹੋਵੇਗਾ.. ਕੀ ਅੱਜ ਦਾ ਦਿਨ ਠੰਡਾ ਹੋਵੇਗਾ.. ਅੱਜ, ਕੱਲ੍ਹ ਤੋਂ ਜ਼ਿਆਦਾ ਠੰਡ ਹੋਵੇਗੀ.. ਜਾਂ ਫਿਰ ਮੀਂਹ ਆਉਣ ਵਾਲਾ ਹੈ? ਮੌਸਮ ਸਾਡੇ ਜੀਵਨ ‘ਚ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ... ਜੇਕਰ ਅਸੀਂ ਸਕੂਲ ਜਾ ਰਹੇ ਹਾਂ ਜਾਂ ਅਸੀਂ ਬਾਹਰ ਖੇਡਣ ਜਾ ਰਹੇ ਹਾਂ ਤਾਂ ਮੌਸਮ ਸਾਨੂੰ ਪ੍ਰਭਾਵਿਤ ਕਰਦਾ ਹੈ.. ਅਤੇ ਇਹ ਸਾਡੇ ਗ੍ਰਹਿ ‘ਤੇ ਸਾਰੀਆਂ ਜਿਉਂਦੀਆਂ ਚੀਜ਼ਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ.. ਨਾਲ ਹੀ ਨਾਲ ਪੌਦਿਆਂ ਨੂੰ ਵੀ...

**(ਸਾਰੇ ਤਾਲੀਆਂ ਵਜਾਉਣ ਲੱਗਦੇ ਹਨ)**

**ਮਨਜੀਤ** : ਅਜੇ ਖ਼ਤਮ ਨਹੀਂ ਹੋਇਆ.. ਮੈਨੂੰ ਪੂਰਾ ਤਾਂ ਕਰਨ ਦਿਉ..

**(ਮਨਜੀਤ ਫਿਰ ਬੋਲਣਾ ਸ਼ੁਰੂ ਕਰਦੀ ਹੈ)**

**ਮਨਜੀਤ** : ਕਦੇ-ਕਦੇ ਮੈਂ ਗਰਮ ਹੋ ਜਾਂਦੀ ਹਾਂ, ਬਹੁਤ ਗਰਮ .. ਇਹ ਜਲਵਾਯੂ ਪਰਿਵਰਤਨ ਦੇ ਕਾਰਨ ਹੈ.. ਇਹ ਕੁਝ ਅਜਿਹਾ ਹੈ ਜਿਹੜਾ ਬਹੁਤਾ ਮਨੁੱਖ ਦੇ ਕਾਰਨ ਹੈ.. ਹਰ ਵਾਰ ਜਦੋਂ ਤੁਸੀਂ ਲਾਈਟ ਜਾਂ ਕੰਪਿਊਟਰ ਜਾਂ ਮਾਈਕ੍ਰੋਵੇਵ ਜਾਂ ਇੱਥੋਂ ਤੱਕ ਕਿ ਇਕ ਸ਼ਾਵਰ ਵੀ ਚਾਲੂ ਕਰਦੇ ਹੋ.. ਤਾਂ ਤੁਸੀਂ ਊਰਜਾ ਵਰਤ ਰਹੇ ਹੁੰਦੇ ਹੋ.. ਇਹ ਊਰਜਾ ਬਹੁਤ ਸਾਰੀ ਗੈਸ, ਕੋਲਾ ਜਾਂ ਪੈਟ੍ਰੋਲੀਅਮ ਵਰਗੇ ਪਥਰਾਟੀ ਈਂਧਣ ਜਲਾ ਕੇ ਪੈਦਾ ਹੁੰਦੀ ਹੈ.. (ਮਨਜੀਤ ਅਚਾਨਕ ਰੁਕ ਜਾਂਦੀ ਹੈ.. ਉਹ ਆਪਣੀਆਂ ਲਾਈਨਾਂ ਭੁੱਲ ਜਾਂਦੀ ਹੈ.. ਯਾਦ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਨੂੰ ਯਾਦ ਨਹੀਂ ਆਉਂਦੀਆਂ)

**ਕਮਲਾ** : ਲਾਈਨਾਂ ਭੁੱਲ ਗਈ ਬੇਟੀ..

**ਮਨਜੀਤ (ਦੁਖੀ ਮਨ ਨਾਲ):** ਹਾਂ ਮਾਂ...

**ਰਾਜਿੰਦਰ ਸਿੰਘ:** ਕੋਈ ਗੱਲ ਨਹੀਂ... ਜਿੰਨਾਂ ਬੋਲਿਆ ਚੰਗਾ ਬੋਲਿਆ.. ਅਤੇ ਤੁਹਾਡਾ ਨਾਟਕ ਵੀ ਚੰਗਾ ਸੀ... ਪਾਪਾ ਦੇ ਫੋਨ ‘ਤੇ ਰਿਕਾਰਡਿੰਗ ਦੇਖੀ ਸੀ ਮੈਂ..

**ਮਨਜੀਤ** : ਤੁਹਾਨੂੰ ਚੰਗਾ ਲੱਗਿਆ ਦਾਦਾ ਜੀ..? ਥੈਂਕ ਯੂ...!

**ਰਾਘਵ** : ਬਹੁਤ ਵਧੀਆ ਬੇਟੀ...! ਤੁਹਾਡੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ.. ਪਰ ਤੁਹਾਨੂੰ ਕੁਝ ਸਮਝ ਵੀ ਆਇਆ...!

**ਮਨਜੀਤ** : ਮੈਨੂੰ ਤਾਂ ਬਹੁਤ ਮਜ਼ਾ ਆਇਆ ਸੀ ਅੰਕਲ...

**ਕਮਲਾ** : ਇਸ ਨੂੰ ਤਾਂ ਹਰ ਚੀਜ਼ 'ਚ ਮਜ਼ਾ ਹੀ ਆਉਂਦਾ ਹੈ.. ਹਰ ਗੱਲ ਮਜ਼ਾਕ ਲੱਗਦੀ ਹੈ.. ਹੁਣ ਸਾਨੂੰ ਚੱਲਣਾ ਚਾਹੀਦਾ.. ਸਾਨੂੰ ਸੂਰਜ ਢਲਣ ਤੋਂ ਪਹਿਲਾਂ ਨੈਨੀਤਾਲ ਪਹੁੰਚ ਜਾਣਾ ਚਾਹੀਦਾ ਹੈ...

**ਰਾਜਿੰਦਰ ਸਿੰਘ:** ਅਸੀਂ ਰਸਤੇ 'ਚ ਸੂਰਜ ਢਲਣ ਦਾ ਨਜ਼ਾਰਾ ਵੀ ਵੇਖ ਸਕਦੇ ਹਾਂ.. ਬਹੁਤ ਸੁੰਦਰ ਨਜ਼ਾਰਾ ਹੁੰਦਾ ਹੈ ਉਹ..

**ਮਨਜੀਤ** : ਮੈਂ ਵੀ ਵੇਖਣਾ.. ਇਸ ਲਈ ਤਾਂ ਮੈਂ ਇੱਥੇ ਆਈ ਹਾਂ..

**ਲਕਸ਼ਮਣ** : ਚੱਲੋ ਸਾਹਿਬ ਚੱਲਦੇ ਹਾਂ.. ਰਾਘਵ! ਅਸੀਂ ਜਾਂਦੇ ਹਾਂ.. ਫਿਰ ਮੁਲਾਕਾਤ ਹੋਵੇਗੀ.. ਜਲਦੀ ਹੀ..

(**ਗੱਡੀ ਦੇ ਚੱਲਣ ਦੀ ਆਵਾਜ਼, ਗੱਡੀ 'ਚ ਸੰਗੀਤ ਵੱਜਣ ਦੀ ਆਵਾਜ਼**... ਡਰਾਇਵਰ ਦੇ ਗੁਣਗੁਣਾਉਣ ਦੀ ਆਵਾਜ਼)

**ਮਨਜੀਤ** : ਫਿਰ ਹੱਸਦੀ ਹੈ...

**ਕਮਲਾ** : ਚੁੱਪ ਕਰ...!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

**(ਸਾਰੇ ਨੈਨੀਤਾਲ ਪਹੁੰਚ ਜਾਂਦੇ ਹਨ, ਦਰਵਾਜ਼ੇ ਦੀ ਘੰਟੀ ਵੱਜਦੀ ਹੈ)**

**ਸੁਨੀਲ** : ਆਉ ਆਉ.. ਸਾਰਿਆਂ ਦਾ ਬਹੁਤ ਬਹੁਤ ਸਵਾਗਤ ਹੈ.. ਮੈਂ ਤਾਂ ਤੁਹਾਡੀ ਹੀ ਉਡੀਕ ਕਰ ਰਿਹਾ ਸੀ..

**ਰਾਜਿੰਦਰ ਸਿੰਘ:** ਕਿਵੇਂ ਆ ਬੇਟਾ.. ਅਸੀਂ ਸੂਰਜ ਵੇਖਣ ਦੇ ਲਈ ਰਸਤੇ ਵਿਚ ਰੁਕ ਗਏ ਸੀ..

**ਸੁਨੀਲ** : ਚੰਗਾ ਕੀਤਾ...ਮਨਜੀਤ ਤੂੰ ਕਿਵੇਂ ਆਂ.. ਅਤੇ ਭਾਬੀ ਜੀ ਤੁਸੀਂ ਕਿਵੇਂ ਹੋ...?

**ਮਨਜੀਤ** : ਮਾਂ ਤਾਂ ਹਮੇਸ਼ਾ ਹੀ ਚੰਗੀ ਹੁੰਦੀ ਹੈ.. ਅਤੇ ਮੈਂ ਵੀ ਠੀਕ ਹਾਂ ਅੰਕਲ..

**ਕਮਲਾ** : ਚੁੱਪ ਕਰ ਮਨਜੀਤ.. ਬਹੁਤ ਬੋਲਦੀ ਆਂ..

**ਸੁਨੀਲ** : ਓ ਕੋਈ ਗੱਲ ਨਹੀਂ.. ਉਸ ਨੂੰ ਅਨੰਦ ਲੈਣ ਦਿਉ..

**ਮਨਜੀਤ** : ਅੰਕਲ.. ਮੰਮੀ ਆਖ ਰਹੇ ਸਨ ਕਿ ਤੁਸੀਂ ਮੌਸਮ ਵਿਗਿਆਨੀ ਹੋ... ਤਾਂ ਤੁਸੀਂ ਕੀ ਕਰਦੇ ਹੋ?

**ਸੁਨੀਲ** : ਮੈਂ ਮੌਸਮ ਦੇ ਬਾਰੇ ਪੜ੍ਹਦਾ-ਲਿਖਦਾ ਹਾਂ.. ਖੋਜ ਕਰਦਾ ਹਾਂ.. ਅਤੇ ਵਿਗਿਆਨ ਦੇ ਅਧਾਰ 'ਤੇ ਮੌਸਮ ਦੇ ਬਾਰੇ ਜਾਣਦਾ ਸਮਝਦਾ ਹਾਂ.. ਮੌਸਮ ਦੇ ਬਾਰੇ ਨਿਰੀਖਣ ਕਰਨ ਜਾਂ ਭਵਿੱਖਬਾਣੀ ਕਰਨ ਦੇ ਲਈ ਵਿਗਿਆਨਕ ਸਿਧਾਂਤਾਂ ਦੀ ਵਰਤੋਂ ਕਰਦਾ ਹਾਂ.. ਨਾਲ ਹੀ ਵਾਯੂਮੰਡਲ ਦੇ ਬਾਰੇ ਵੀ ਜਾਣਨ ਦੀ ਕੋਸ਼ਿਸ਼ ਕਰਦਾ ਹਾਂ ਕਿ ਉਹ ਧਰਤੀ ਅਤੇ ਸਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ...

**ਰਾਜਿੰਦਰ ਸਿੰਘ:** ਮਨਜੀਤ ! ਥੋੜ੍ਹੀ ਦੇਰ ਅਰਾਮ ਕਰ ਲੈ.. ਫਿਰ ਤੂੰ ਸੁਨੀਲ ਅੰਕਲ ਤੋਂ ਜਿੰਨੇ ਮਰਜੀ ਸਵਾਲ ਪੁੱਛਣਾ.. ਬਹੁਤ ਸਾਰੀਆਂ ਗੱਲਾਂ ਕਰਨਾ….

**ਸੁਨੀਲ** : ਆਉ ਅੰਕਲ.. ਤੁਸੀਂ ਇਸ ਪਾਸੇ ਆਉ.. ਤੁਸੀਂ ਇੱਥੇ ਅਰਾਮ ਕਰੋ..

**(ਦਰਵਾਜ਼ਾ ਖੁੱਲ੍ਹਦਾ ਹੈ ਅਤੇ ਬੰਦ ਹੁੰਦਾ ਹੈ)**

**ਕਮਲਾ** : ਸੁਨੀਲ, ਤੁਹਾਡਾ ਘਰ ਬਹੁਤ ਚੰਗਾ ਹੈ…

**ਸੁਨੀਲ** : ਸ਼ੁਕਰੀਆ ਭਾਬੀ ਜੀ.. ਤੇ ਰਾਕੇਸ਼ ਕਦੋਂ ਤੱਕ ਆ ਰਿਹਾ..

**ਕਮਲਾ** : ਹੋ ਸਕਦਾ ਹੈ ਉਹ ਕੱਲ੍ਹ ਸ਼ਾਮ ਤੱਕ ਆਉਣ.. ਜਾਂ ਫਿਰ ਹੋ ਸਕਦਾ ਹੈ ਨਾ ਹੀ ਆਉਣ.. ਉਨ੍ਹਾਂ ਦੇ ਕੰਮ ‘ਤੇ ਨਿਰਭਰ ਕਰਦਾ ਹੈ.. ਮਨਜੀਤ ਨੇ ਜ਼ਿੱਦ ਕੀਤੀ ਤਾਂ ਅਸੀਂ ਇੱਥੇ ਆ ਗਏ.. ਇਸ ਦੀਆਂ ਛੁੱਟੀਆਂ ਚੱਲ ਰਹੀਆਂ ਹਨ.. ਅਤੇ ਬੱਚਿਆਂ ਨੂੰ ਤਾਂ ਘੁੰਮਣ ਨੂੰ ਚਾਹੀਦਾ ਬਸ…

**ਮਨਜੀਤ** : ਹਾਂ,.. ਹੁਣ ਮੈਨੂੰ ਭੁੱਖ ਲੱਗੀ ਹੈ..

**ਸੁਨੀਲ** : ਡਿਨਰ ਤਿਆਰ ਹੈ.. ਆਉ ਖਾਣਾ ਖਾਂਦੇ ਹਾਂ..

**ਮਨਜੀਤ** : ਸ਼ਾਮ ਦੇ ਸੱਤ ਵਜੇ ਡਿਨਰ.. ਮੈਨੂੰ ਤਾਂ ਬਸ ਚਾਕਲੇਟ ਤੇ ਮਿਲਕ ਸ਼ੇਕ ਚਾਹੀਦਾ ਹੈ.. ਮੈਂ ਤਾਂ ਸ਼ਾਮ ਨੂੰ ਖੇਡ ਕੇ ਆਉਂਦੀ ਹਾਂ ਫਿਰ ਇਹੀ ਖਾਂਦੀ ਹਾਂ..

**ਸੁਨੀਲ** : ਪਰ ਇੱਥੇ ਤਾਂ ਅਸੀਂ ਸ਼ਾਮ ਨੂੰ ਸੱਤ ਵਜੇ ਖਾਣਾ ਖਾ ਲੈਂਦੇ ਹਾਂ..

**ਕਮਲਾ** : ਇੱਥੇ ਦਾ ਰਹਿਣ-ਸਹਿਣ ਅਲੱਗ ਹੈ…. ਜਿਸ ਤਰ੍ਹਾਂ ਅੰਕਲ ਆਖ ਰਹੇ ਹਨ ਉਸੇ ਤਰ੍ਹਾਂ ਕਰ..

**ਸੁਨੀਲ** : ਕੋਈ ਗੱਲ ਨਹੀਂ.. ਮਨਜੀਤ ਇਧਰ ਆ.. ਦੇਖੋ.. ਅਸੀਂ ਇਸ ਸਮੇਂ ਬਹੁਤ ਉਚਾਈ ‘ਤੇ ਹਾਂ.. ਅਤੇ ਇੱਥੇ ਸੂਰਜ ਜਲਦੀ ਡੁੱਬਦਾ ਹੈ.. ਅਤੇ ਸਵੇਰੇ ਜਲਦੀ ਨਿਕਲਦਾ ਹੈ.. ਮਤਲਬ ਇੱਥੇ ਸ਼ਾਮ ਵੀ ਜਲਦੀ ਹੁੰਦੀ ਹੈ ਅਤੇ ਸਵੇਰ ਵੀ… ਤਾਂ ਅਸੀਂ ਆਪਣੀ ਆਦਤ ਨੂੰ ਉਸੇ ਹਿਸਾਬ ‘ਚ ਢਾਲ ਲਿਆ ਹੈ..

**ਮਨਜੀਤ** : ਓ ਕੇ.. ਤਾਂ ਤੁਸੀਂ ਚਾਹੁੰਦੇ ਹੋ ਮੈਂ ਅੱਠ ਵਜੇ ਸੌਂ ਜਾਵਾਂ..

**ਸੁਨੀਲ** : ਬਿਲਕੁਲ ਨਹੀਂ.. ਤੂੰ ਜਦੋਂ ਤੱਕ ਚਾਹੇ ਜਾਗ ਸਕਦੀ ਹੈਂ ਪਰ ਹੁਣ ਖਾਣਾ ਖਾ ਲੈਂਦੇ ਹਾਂ….

**ਕਮਲਾ** : ਆਉ, ਖਾਣਾ ਲਗਾ ਦਿੱਤਾ ਹੈ.. ਮਨਜੀਤ, ਜਾਹ ! ਦਾਦਾ ਜੀ ਨੂੰ ਬੁਲਾ ਲਿਆ..

**ਮਨਜੀਤ** : ਠੀਕ ਹੈ ਮਾਂ..

**ਕਮਲਾ** : ਇਹ ਤਾਂ ਸਵਾਲ ਪੁੱਛ-ਪੁੱਛ ਕੇ ਸਾਡਾ ਸਿਰ ਖਾਂਦੀ ਰਹਿੰਦੀ ਹੈ.. ਅਤੇ ਅੱਜ ਤੁਹਾਡੀ ਵਾਰੀ ਹੈ.. ਉਸ ਦੇ ਦਿਮਾਗ਼ ‘ਚ ਬਹੁਤ ਸਾਰੇ ਸਵਾਲ ਹਨ.. ਅਤੇ ਜਦੋਂ ਤੋਂ ਮੈਂ ਉਸ ਨੂੰ ਦੱਸਿਆ ਹੈ ਕਿ ਤੁਸੀਂ ਮੌਸਮ ਵਿਗਿਆਨੀ ਹੋ, ਉਦੋਂ ਤੋਂ ਉਹ ਹੋਰ ਵੀ ਉਤਸ਼ਾਹਿਤ ਹੈ..

**ਸੁਨੀਲ** : ਇਹ ਤਾਂ ਚੰਗੀ ਗੱਲ ਹੈ.. ਉਸ ਦੇ ਸਾਰੇ ਸਵਾਲਾਂ ਦਾ ਜਵਾਬ ਜ਼ਰੂਰ ਮਿਲੇਗਾ….

……ਦ੍ਰਿਸ਼ ਬਦਲਾਅ ਸੰਗੀਤ……

……ਦ੍ਰਿਸ਼ ਚੌਥਾ……

**(ਦ੍ਰਿਸ਼ ਪਰਿਵਰਤਨ- ਟੀ.ਵੀ. 'ਤੇ ਖ਼ਬਰਾਂ ਦੀ ਆਵਾਜ਼, ਭੂ-ਖਿਸਕਣ ਦੀਆਂ ਖ਼ਬਰਾਂ)**

**ਰਾਜਿੰਦਰ ਸਿੰਘ:** ਅੱਛਾ! ਸ਼ੁਕਰ ਹੈ ਅਸੀਂ ਸਹੀ ਸਲਾਮਤ ਪਹੁੰਚ ਗਏ ਅਤੇ ਰਾਕੇਸ਼ ਵੀ ਕੱਲ੍ਹ ਠੀਕ ਤਰ੍ਹਾਂ ਪਹੁੰਚ ਜਾਵੇ.. ਇਹ ਭੂ-ਖਿਸਕਣ ਹੁਣ ਕਦੇ ਵੀ, ਕਿਤੇ ਵੀ, ਹੋ ਜਾਂਦਾ ਹੈ… ਮੈਂ ਖਾਣਾ ਖਾ ਲਿਆ ਹੈ.. ਅਤੇ ਮੈਂ ਬਹੁਤ ਥੱਕ ਗਿਆ ਹਾਂ.. ਮੈਂ ਤਾਂ ਕਮਰੇ 'ਚ ਸੌਣ ਜਾ ਰਿਹਾ ਹਾਂ.. ਤੂੰ ਆ ਰਹੀ ਹੈਂ ਮਨਜੀਤ?

**ਮਨਜੀਤ** : ਨਹੀਂ ਦਾਦਾ ਜੀ, ਮੈਂ ਅੰਕਲ ਦੇ ਨਾਲ ਬੈਠਾਂਗੀ..

**ਕਮਲਾ** : ਅਤੇ ਮੈਂ ਟੀ.ਵੀ. ਦੇਖਾਂਗੀ..

**ਸੁਨੀਲ** : ਤੂੰ ਮੇਰੇ ਨਾਲ ਆ ਬੇਟੀ.. ਅਸੀਂ ਉੱਥੇ ਬੈਠਦੇ ਹਾਂ.. ਉੱਥੇ ਅੱਗ ਬਲ ਰਹੀ ਹੈ.. ਅਤੇ ਕੰਬਲ ਵੀ ਹਨ..

**ਮਨਜੀਤ** : ਅੰਕਲ, ਮੰਮੀ ਨੇ ਮੈਨੂੰ ਰਸਤੇ ਵਿਚ ਦੱਸਿਆ ਸੀ ਇਸ ਧਰਤੀ ਉਪਰ ਅਲੱਗ-ਅਲੱਗ ਥਾਂ 'ਤੇ ਤਾਪਮਾਨ ਅਲੱਗ-ਅਲੱਗ ਹੁੰਦਾ ਹੈ.. ਇਸ ਦਾ ਕਾਰਨ ਹੈ ਸੂਰਜ.. ਸੂਰਜ ਦੇ ਕਾਰਨ ਹੀ ਧਰਤੀ ਦਾ ਇਕ ਖੇਤਰ ਗਰਮ ਹੁੰਦਾ ਹੈ ਅਤੇ ਦੂਜਾ ਠੰਡਾ.. ਕੁਝ ਥਾਂਵਾਂ 'ਤੇ ਦਿਨ ਲੰਬੇ ਹੁੰਦੇ ਹਨ ਪਰ ਰਾਤਾਂ ਛੋਟੀਆਂ ਹੁੰਦੀਆਂ ਹਨ ਜਦ ਕਿ ਕੁਝ ਥਾਵਾਂ 'ਤੇ ਐਦੂੰ ਉਲਟ ਹੁੰਦਾ ਹੈ.. ਤੁਸੀਂ ਮੈਨੂੰ ਚੰਗੀ ਤਰ੍ਹਾਂ ਸਮਝਾਉ ਨਾ..

**ਸੁਨੀਲ** : ਕੀ ਤੂੰ ਜਾਣਦੀ ਹੈ ਕਿ ਮੌਸਮ ਦਿਨਾਂ ਜਾਂ ਐਥੋਂ ਤੱਕ ਕਿ ਘੰਟਿਆਂ ਦੇ ਹਿਸਾਬ ਨਾਲ ਵੀ ਬਦਲਦਾ ਹੈ.. ਇਹ ਦਿਨ ਵਿਚ ਗਰਮ ਅਤੇ ਰਾਤ ਨੂੰ ਸਰਦ ਹੋ ਸਕਦਾ ਹੈ..

**ਮਨਜੀਤ** : ਹਾਂ ਅੰਕਲ.. ਮੈਂ ਵੀ ਅਜਿਹਾ ਮਹਿਸੂਸ ਕਰਦੀ ਹਾਂ.. ਗਰਮੀਆਂ ਵਿਚ ਤਾਂ ਅੱਠ ਵਜੇ ਤੱਕ ਮੈਂ ਖੇਡਦੀ ਰਹਿੰਦੀ ਹਾਂ.. ਪਰ ਇੱਥੇ ਰਾਤ ਦੇ ਅੱਠ ਵਜੇ ਖਾਣਾ ਖਾ ਕੇ ਸੌਣ ਦੀਆਂ ਗੱਲਾਂ ਹੋ ਰਹੀਆਂ ਹਨ.. ਬਹੁਤ ਵੱਡਾ ਫ਼ਰਕ ਹੈ..

**ਸੁਨੀਲ** : ਇਸ ਦੇ ਦੋ ਕਾਰਨ ਹੁੰਦੇ ਹਨ.. ਸਭ ਤੋਂ ਪਹਿਲਾ, ਸੂਰਜ ਤੋਂ ਆਉਣ ਵਾਲੀ ਊਰਜਾ ਦੀ ਮਾਤਰਾ ਅਤੇ ਦੂਜਾ ਵਾਯੂਮੰਡਲ ਅਤੇ ਮਹਾਂਸਾਗਰਾਂ ਵਿੱਚ ਸੰਵਹਿਣ.. ਜਿਹੜਾ ਗਰਮੀ ਅਤੇ ਨਮੀ ਨੂੰ ਇਕ ਸਥਾਨ ਤੋਂ ਦੂਜੇ ਸਥਾਨ 'ਤੇ ਲੈ ਜਾਂਦਾ ਹੈ..

**ਮਨਜੀਤ** : ਮੈਨੂੰ ਤਾਂ ਸਮਝ ਨਹੀਂ ਆਈ ਤੁਹਾਡੀ ਗੱਲ, ਅੰਕਲ…

**ਸੁਨੀਲ** : ਠੀਕ ਹੈ.. ਤਾਂ ਮੈਨੂੰ ਇਹ ਦੱਸ ਕਿ ਕੀ ਤੂੰ Equator ਯਾਣੀ ਭੂ-ਮੱਧ ਰੇਖਾ ਦੇ ਬਾਰੇ ਜਾਣਦੀ ਐਂ?

**ਕਮਲਾ (ਦੂਰ ਤੋਂ):** ਹਾਂ, ਪਿਛਲੇ ਹਫ਼ਤੇ ਸਕੂਲ ਵਿਚ ਇਸ ਦਾ ਟੈਸਟ ਸੀ.. ਤਦ ਮੈਂ ਇਸ ਨੂੰ ਭੂ-ਮੱਧ ਰੇਖਾ ਬਾਰੇ ਪੜ੍ਹਾਇਆ ਸੀ!

**ਮਨਜੀਤ** : ਹਾਂ ਅੰਕਲ! ਮੈਨੂੰ ਯਾਦ ਹੈ ਕਿ ਭੂ-ਮੱਧ ਰੇਖਾ ਗਲੋਬ 'ਤੇ ਇਕ ਕਾਲਪਨਿਕ ਰੇਖਾ ਹੈ ਜਿਹੜੀ ਧਰਤੀ ਨੂੰ ਦੋ ਬਰਾਬਰ ਭਾਗਾਂ ਵਿਚ ਵੰਡਦੀ ਹੈ.. ਇੱਥੇ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ.. ਸਾਰੇ ਪ੍ਰਮੁੱਖ ਰੇਗਿਸਤਾਨ ਇਸੇ ਖੇਤਰ ਵਿਚ ਮੌਜੂਦ ਹਨ.. ਅਤੇ ਇਸ ਖੇਤਰ ਵਿਚ ਵਰਖਾ ਵੀ ਬਹੁਤ ਹੁੰਦੀ ਹੈ.. ਜਲਵਾਯੂ ਹੁੰਦਾ ਹੈ ਗਰਮ ਤੇ ਤਰ !

**ਸੁਨੀਲ** : ਬਹੁਤ ਵਧੀਆ... ਜੇਕਰ ਇਹ ਪਤਾ ਹੈ ਤਾਂ ਹੁਣ ਇਹ ਦੱਸ ਕਿ ਰੇਗਿਸਤਾਨੀ ਇਲਾਕਾ ਹੋਣ ਦੇ ਬਾਵਜੂਦ ਇੱਥੇ ਐਨੀ ਵਰਖਾ ਕਿਉਂ ਹੁੰਦੀ ਹੈ?

**ਮਨਜੀਤ** : ਇਹ ਤਾਂ ਬਹੁਤ ਸੌਖਾ ਹੈ ਸਰ..! ਭੂ-ਮੱਧ ਰੇਖਾ ਦੇ ਨੇੜੇ ਉੱਚ ਤਾਪਮਾਨ ਹੋਣ ਕਾਰਨ ਪਾਣੀ ਦਾ ਵਾਸ਼ਪੀਕਰਨ ਤੇਜ਼ੀ ਨਾਲ ਹੁੰਦਾ ਹੈ..

**ਸੁਨੀਲ** : ਬਹੁਤ ਅੱਛੇ.. ਤੂੰ ਤਾਂ ਬਹੁਤ ਸਮਝਦਾਰ ਹੈਂ..

**ਮਨਜੀਤ** : ਥੈਂਕਯੂ ਸਰ..

**ਸੁਨੀਲ** : ਤੂੰ ਮੈਨੂੰ ਸਰ ਕਿਉਂ ਆਖ ਰਹੀ ਹੈਂ.. ਮੈਂ ਤੁਹਾਡਾ ਟੀਚਰ ਤਾਂ ਹਾਂ ਨਹੀਂ !

**ਮਨਜੀਤ** : ਸੌਰੀ ਜੀ ! ਅੰਕਲ ਹੀ ਕਹਾਂਗੀ...!

**ਸੁਨੀਲ** : ਧਰਤੀ ਦੇ ਜਲਵਾਯੂ ਖੇਤਰਾਂ ਨੂੰ ਗਲੋਬ ਉਪਰ ਅਕਸ਼ਾਸ਼ਾਂ ਦੀ ਮਦਦ ਨਾਲ ਸਮਝਿਆ ਜਾ ਸਕਦਾ ਹੈ.. ਸਭ ਤੋਂ ਮਹੱਤਵਪੂਰਨ ਹੁੰਦੀ ਹੈ ਭੂ-ਮੱਧ ਰੇਖਾ.. ਜਿਵੇਂ ਕਿ ਅਸੀਂ ਚਰਚਾ ਵੀ ਕੀਤੀ ਹੈ.. ਫਿਰ ਉੱਤਰੀ ਧਰੁਵ ਦੇ ਵੱਲ ਕਰਕ ਰੇਖਾ ਅਤੇ ਦੱਖਣੀ ਧਰੁਵ ਵੱਲ ਮਕਰ ਰੇਖਾ ਹੁੰਦੀ ਹੈ.. ਇਸ ਦੇ ਬਾਅਦ ਆਉਂਦੀਆਂ ਹਨ ਆਰਕਟਿਕ ਅਤੇ ਅੰਟਾਰਕਟਿਕ ਚੱਕਰੀ ਰੇਖਾਵਾਂ ...

**ਮਨਜੀਤ** : ਇਹ ਤਾਂ ਬਹੁਤ ਹੀ ਮੁਸ਼ਕਿਲ ਨਾਂ ਹਨ...ਅੰਕਲ!

**ਸੁਨੀਲ** : ਪਰ ਧਿਆਨ ਦੇਵੋਗੇ ਤਾਂ ਸਮਝਣ ਵਿਚ ਬਹੁਤ ਅਸਾਨੀ ਹੋਵੇਗੀ.. ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਕਾਰਲੇ ਖੇਤਰ ਨੂੰ ਉਸ਼ਣਕਟੀਬੰਧੀ ਖੇਤਰ ਜਾਂ Torrid Zone ਜਾਂ ਫਿਰ tropic zone ਕਹਿੰਦੇ ਹਨ... ਇਹ ਧਰਤੀ ਦਾ ਸਭ ਤੋਂ ਗਰਮ ਹਿੱਸਾ ਹੁੰਦਾ ਹੈ... ਪਤਾ ਹੈ ਕਿਉਂ?

**ਮਨਜੀਤ** : ਹਾਂ ਅੰਕਲ! ਇਸ ਹਿੱਸੇ 'ਤੇ ਸੂਰਜ ਦੀਆਂ ਕਿਰਣਾਂ ਸਿੱਧੀਆਂ ਪੈਂਦੀਆਂ ਹਨ ।ਸ਼ੁਕਰ ਹੈ ਕਿ ਭੂ-ਮੱਧ ਰੇਖਾ, ਭਾਰਤ ਵਿਚੋਂ ਦੀ ਹੋ ਕੇ ਨਹੀਂ ਲੰਘਦੀ.... ਭਾਰਤ ਭੂ-ਮੱਧ ਰੇਖਾ ਦੇ ਉੱਤਰ 'ਚ ਸਥਿਤ ਹੈ.. ਮਤਲਬ ਉੱਤਰੀ ਗੋਲਾਰਧ ਵਿਚ.. ਇਸ ਗੋਲਾਰਧ ਦੇ ਭੂ-ਮੱਧ ਰੇਖਾ ਅਤੇ ਕਰਕ ਰੇਖਾ ਦੇ ਵਿਚਕਾਰਲੇ ਹਿੱਸੇ 'ਚ ਅਫ਼ਰੀਕਾ ਦਾ ਵਧੇਰੇ ਭਾਗ, ਦੱਖਣੀ ਏਸ਼ੀਆ, ਇੰਡੋਨੇਸ਼ੀਆ, ਉੱਤਰੀ ਆਸਟ੍ਰੇਲੀਆ, ਮੱਧ ਅਮਰੀਕਾ ਆਦਿ ਆਉਂਦੇ ਹਨ...

**ਕਮਲਾ (ਕੁਝ ਦੂਰੀ ਤੋਂ)**: ਮਨਜੀਤ ਤੈਨੂੰ ਯਾਦ ਹੈ ਕਿ ਦੁਨੀਆ ਦੇ ਨਕਸ਼ੇ 'ਤੇ ਅਸੀਂ ਉਸ ਦਿਨ ਇਹ ਸਾਰੀਆਂ ਥਾਵਾਂ ਦੇਖ ਰਹੇ ਸੀ.. ਜੇਕਰ ਯਾਦ ਨਹੀਂ ਤਾਂ ਇਨ੍ਹਾਂ ਥਾਵਾਂ ਦੇ ਨਾਂ ਲਿਖ ਲਉ.. ਘਰ ਚੱਲ ਕੇ ਦੁਨੀਆ ਦੇ ਨਕਸ਼ੇ 'ਤੇ ਮੈਂ ਤੁਹਾਨੂੰ ਫਿਰ ਤੋਂ ਇਹ ਥਾਵਾਂ ਦਿਖਾ ਦੇਵਾਂਗੀ...

**ਮਨਜੀਤ** : ਮੰਮੀ, ਜੇ ਤੁਸੀਂ ਸਾਡੀਆਂ ਗੱਲਾਂ ਸੁਣ ਕੇ ਵਿੱਚੋਂ ਟੋਕਨਾ ਹੈ ਤਾਂ ਸਾਡੇ ਕੋਲ ਆ ਕੇ ਬੈਠੋ.. ਅਤੇ ਹਾਂ, ਮੈਨੂੰ ਥੋੜ੍ਹਾ ਅੰਦਾਜ਼ਾ ਤਾਂ ਹੈ ਇਨ੍ਹਾਂ ਥਾਵਾਂ ਦਾ.. ਤੁਸੀਂ ਇਕ ਵਾਰ ਫਿਰ ਤੋਂ ਬੋਲੋਗੇ ਅੰਕਲ ? ਮੈਂ ਲਿਖਣਾ ਚਾਹੁੰਦੀ ਹਾਂ..

**ਸੁਨੀਲ** : ਜ਼ਰੂਰ.. ਮੈਂ ਦੱਸ ਰਿਹਾ ਸੀ ਕਿ ਟੌਰਿਡ ਜ਼ੋਨ ਬਹੁਤ ਗਰਮ ਹੁੰਦਾ ਹੈ ਅਤੇ ਅਫ਼ਰੀਕਾ ਦਾ ਵੱਡਾ ਹਿੱਸਾ, ਦੱਖਣੀ ਏਸ਼ੀਆ, ਇੰਡੋਨੇਸ਼ੀਆ, ਉੱਤਰੀ ਆਸਟ੍ਰੇਲੀਆ, ਮੱਧ ਅਮਰੀਕਾ ਆਦਿ ਇਸੇ ਖੇਤਰ 'ਚ ਆਉਂਦੇ ਹਨ...

**ਮਨਜੀਤ** : ਸਾਰੀਆਂ ਥਾਵਾਂ ਦੇ ਨਾਂ ਮੈਂ ਲਿਖ ਲਏ ਹਨ.. ਹੁਣ ਮੈਂ ਇਸੇ ਤਰ੍ਹਾਂ ਤੁਹਾਡੇ ਦੁਆਰਾ ਦੱਸੀਆਂ ਜਾਣਕਾਰੀਆਂ ਨੂੰ ਲਿਖਦੀ ਜਾਵਾਂਗੀ..

**ਸੁਨੀਲ** : ਬਹੁਤ ਵਧੀਆ.. ਹੁਣ ਅੱਗੇ ਸੁਣ.. ਅਗਲਾ ਹੈ ਸੀਤ-ਊਸ਼ਣ ਖੰਡ (temperate zone) ਜਿਹੜਾ ਉਤਰੀ ਗੋਲਾਰਧ ਵਿਚ ਆਰਕਟਿਕ ਚੱਕਰ ਅਤੇ ਕਰਕ ਰੇਖਾ ਦੇ ਦਰਮਿਆਨ ਹੈ......

**ਮਨਜੀਤ** : ਅਤੇ ਦੱਖਣੀ ਗੋਲਾਰਧ ਵਿਚ ਮਕਰ ਰੇਖਾ ਅਤੇ ਅੰਟਾਰਕਟਿਕ ਚੱਕਰ ਦੇ ਦਰਮਿਆਨ ਅੰਕਲ ...

**ਸੁਨੀਲ** : ਠੀਕ! ਛੁੱਟੀਆਂ ਮਨਾਉਣ ਜਾਣਾ ਹੋਵੇ ਤਾਂ ਇਹ ਉੱਤਮ ਖੇਤਰ ਹੈ.. ਕਿਉਂਕਿ ਇਸ ਹਿੱਸੇ ਵਿਚ ਨਾ ਜ਼ਿਆਦਾ ਗਰਮੀ ਹੁੰਦੀ ਹੈ ਨਾ ਜ਼ਿਆਦਾ ਸਰਦੀ.. ਇੱਥੇ ਗਰਮੀ, ਸਰਦੀ, ਬਸੰਤ, ਅਤੇ ਪਤਝੜ.. ਚਾਰੇ ਮੌਸਮਾਂ ਦਾ ਆਨੰਦ ਲਿਆ ਜਾ ਸਕਦਾ ਹੈ.. ਅਜਿਹਾ ਇਸ ਲਈ ਹੈ ਕਿ......

**ਮਨਜੀਤ** : ਕਿਉਂਕਿ ਇਨ੍ਹਾਂ ਖੇਤਰਾਂ ਵਿਚ ਸੂਰਜ ਦੀਆਂ ਕਿਰਨਾਂ ਕਦੇ ਵੀ ਸਿੱਧੀਆਂ ਨਹੀਂ ਪੈਂਦੀਆਂ... ਇਸ ਲਈ ਇਨ੍ਹਾਂ ਖੇਤਰਾਂ ਵਿਚ ਤਾਪਮਾਨ ਠੀਕ-ਠੀਕ ਹੁੰਦਾ ਹੈ...

**ਕਮਲਾ** : ਤਾਪਮਾਨ ਠੀਕ-ਠੀਕ ਭਾਵ ਨਾ ਜ਼ਿਆਦਾ ਸਰਦੀ ਅਤੇ ਨਾ ਜ਼ਿਆਦਾ ਗਰਮੀ। ਇਨ੍ਹਾਂ ਵਿੱਚੋਂ ਕੁਝ ਹਿੱਸਿਆਂ ਵਿਚ ਸਾਲ ਭਰ ਵਰਖਾ ਹੁੰਦੀ ਰਹਿੰਦੀ ਹੈ... ਭਾਰਤ ਵਿਚ ਕਰਕ ਰੇਖਾ ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਪੱਛਮੀ ਬੰਗਾਲ, ਤ੍ਰਿਪੁਰਾ, ਮਿਜ਼ੋਰਮ, ਝਾਰਖੰਡ ਤੋਂ ਹੋ ਕੇ ਲੰਘਦੀ ਹੈ..

**ਸੁਨੀਲ** : ਅਤੇ ਜੇਕਰ ਧਰਤੀ ਦੀ ਗੱਲ ਕਰੀਏ ਤਾਂ ਇਹ ਚਿੱਲੀ, ਅਰਜਨਟੀਨਾ, ਪੈਰਾਗੁਏ, ਬ੍ਰਾਜ਼ੀਲ, ਨਾਮੀਬੀਆ, ਦੱਖਣੀ ਅਫ਼ਰੀਕਾ, ਮੌਜ਼ਾਮਬੀਕ, ਮੈਡਗਾਸਕਰ, ਆਸਟ੍ਰੇਲੀਆ ਅਤੇ ਫਿਜੀ ਵਿਚੋਂ ਹੋ ਕੇ ਲੰਘਦੀ ਹੈ..

**ਮਨਜੀਤ** : ਪਰ ਅੰਕਲ ਇੱਥੇ ਤਾਂ ਹਮੇਸ਼ਾ ਵਰਖਾ ਹੁੰਦੀ ਰਹਿੰਦੀ ਹੈ.. ਮੈਨੂੰ ਤਾਂ ਵਰਖਾ ਬਿਲਕੁਲ ਚੰਗੀ ਨਹੀਂ ਲੱਗਦੀ.. ਮੈਂ ਇਨ੍ਹਾਂ ਥਾਵਾਂ 'ਤੇ ਬਿਲਕੁਲ ਨਹੀਂ ਜਾਵਾਂਗੀ...

**ਸੁਨੀਲ** : ਫਿਰ ਤਾਂ ਧਰੁਵੀ ਖੇਤਰਾਂ ਵਿਚ ਜਾਣਾ ਵੀ ਤੈਨੂੰ ਬਿਲਕੁਲ ਪਸੰਦ ਨਹੀਂ ਆਵੇਗਾ..

**ਮਨਜੀਤ** : ਉਹ ਕਿਉਂ?

**ਕਮਲਾ** : ਕਿਉਂਕਿ ਉੱਥੇ ਤਾਂ ਪੂਰਾ ਸਾਲ ਹੀ ਠੰਡ ਰਹਿੰਦੀ ਹੈ....

**ਸੁਨੀਲ** : ਉੱਤਰੀ ਗੋਲਾਰਧ ਵਿਚ, ਉੱਤਰੀ ਧਰੁਵ ਹੈ ਅਤੇ ਦੱਖਣੀ ਵਿਚ ਦੱਖਣੀ ਧਰੁਵ .. ਇਨ੍ਹਾਂ ਖੇਤਰਾਂ ਵਿਚ ਸਾਲ ਭਰ ਸੂਰਜ ਦੀਆਂ ਕਿਰਨਾਂ ਬਹੁਤ ਘੱਟ ਪੈਂਦੀਆਂ ਹਨ, ਇਸ ਲਈ ਇਹ ਹਿੱਸੇ ਬਹੁਤ ਹੀ ਠੰਡੇ ਹੁੰਦੇ ਹਨ...

**ਕਮਲਾ** : ਇੱਥੇ ਤਾਂ ਬਸ ਬਰਫ਼ ਦੀਆਂ ਚਟਾਨਾਂ ਹੁੰਦੀਆਂ ਹਨ...

**ਮਨਜੀਤ** : ਤਾਂ, ਸਾਰਾ ਕੁਝ ਸੂਰਜ 'ਤੇ ਨਿਰਭਰ ਕਰਦਾ ਹੈ.. ਜਿਵੇਂ ਕਿ ਅੰਕਲ ਨੇ ਕਿਹਾ – ਟੌਰਿਡ ਜ਼ੋਨ 'ਤੇ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ ਜਿਹੜੀਆਂ ਇਸ ਨੂੰ ਗਰਮ ਬਣਾਉਂਦੀਆਂ ਹਨ.. ਅਤੇ temperate zone 'ਤੇ ਸੂਰਜ ਦੀਆਂ ਕਿਰਨਾਂ ਤਿਰਛੀਆਂ ਪੈਂਦੀਆਂ ਹਨ ਜਿਸ ਨਾਲ ਇੱਥੇ ਦਾ ਮੌਸਮ ਨਾ ਜ਼ਿਆਦਾ ਗਰਮ ਹੁੰਦਾ ਹੈ ਅਤੇ ਨਾ ਹੀ ਜ਼ਿਆਦਾ ਠੰਡਾ..

**ਕਮਲਾ** : ਅਤੇ ਧਰੁਵੀ ਖੇਤਰਾਂ ‘ਤੇ ਸੂਰਜ ਦੀਆਂ ਕਿਰਨਾਂ ਲਗਭਗ ਨਾ ਦੇ ਬਰਾਬਰ ਪੈਂਦੀਆਂ ਹਨ.. ਇਸੇ ਕਰਕੇ ਇਹ ਹਿੱਸੇ ਠੰਢੇ ਹੁੰਦੇ ਹਨ!

**ਮਨਜੀਤ** : ਅੰਕਲ! ਸੂਰਜ ਦੀਆਂ ਕਿਰਨਾਂ ਜਲਵਾਯੂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?

**ਸੁਨੀਲ** : ਬਹੁਤ ਚੰਗਾ ਸਵਾਲ ਪੁੱਛਿਆ ਮਨਜੀਤ... ਸੂਰਜ ਦੀਆਂ ਕਿਰਨਾਂ ਕਿਸੇ ਵੀ ਥਾਂ ਦੇ ਜਲਵਾਯੂ ਵਿਚ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ.. ਤੁਸੀਂ ਇਹ ਤਾਂ ਜਾਣਦੇ ਹੀ ਹੋ ਕਿ ਧਰਤ ਅਕਾਰ ਵਿਚ ਗੋਲ ਹੈ.. ਇਸ ਲਈ, ਭੂ-ਮੱਧ ਰੇਖਾ ਦੇ ਨੇੜੇ ਦੇ ਖੇਤਰਾਂ ‘ਤੇ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ ਤੇ ਇਕ ਛੋਟੇ ਜਿਹੇ ਖੇਤਰ ‘ਤੇ ਕੇਂਦਰਿਤ ਹੋ ਜਾਂਦੀਆਂ ਹਨ... ਅਤੇ ਇਸ ਲਈ ਇਹ ਖੇਤਰ ਗਰਮ ਹੋ ਜਾਂਦਾ ਹੈ..

**ਮਨਜੀਤ** : ਅਤੇ ਜਿਵੇਂ ਜਿਵੇਂ ਅਸੀਂ ਭੂ-ਮੱਧ ਰੇਖਾ ਤੋਂ ਦੂਰ ਜਾਂਦੇ ਹਾਂ, ਸੂਰਜ ਦੀਆਂ ਕਿਰਨਾਂ ਤਿਰਛੀਆਂ ਹੁੰਦੀਆਂ ਜਾਂਦੀਆਂ ਹਨ...

**ਸੁਨੀਲ** : ਇਸ ਦਾ ਮਤਲਬ ਹੈ ਕਿ ਸੂਰਜ ਦੀਆਂ ਤਿਰਛੀਆਂ ਕਿਰਨਾਂ ਵੱਡੇ ਖੇਤਰ ਵਿਚ ਫੈਲ ਜਾਂਦੀਆਂ ਹਨ.. ਅਤੇ ਇਸ ਲਈ ਉਹ ਸਿੱਧੀਆਂ ਕਿਰਨਾਂ ਜਿੰਨੀ ਗਰਮੀ ਨਹੀਂ ਕਰਦੀਆਂ.. ਅਤੇ ਇਸੇ ਕਾਰਨ ਜਿਵੇਂ ਜਿਵੇਂ ਅਸੀਂ ਭੂ-ਮੱਧ ਰੇਖਾ ਤੋਂ ਦੂਰ ਜਾਂਦੇ ਹਾਂ..ਤਾਪਮਾਨ ਘੱਟ ਹੁੰਦਾ ਜਾਂਦਾ ਹੈ..

**ਕਮਲਾ** : ਇਸ ਵਿਚ ਇਕ ਹੋਰ ਧਾਰਨਾ ਹੈ.. ਜਦੋਂ ਕੋਈ ਚੀਜ਼ ਸਿੱਧੀ ਡਿੱਗਦੀ ਹੈ.. ਤਾਂ ਉਹ ਇਕ ਛੋਟੇ ਜਿਹੇ ਖੇਤਰ ‘ਤੇ ਡਿੱਗਦੀ ਹੈ.. ਪਰ ਜੇਕਰ ਉਹ ਤਿਰਛੀ ਡਿੱਗਦੀ ਹੈ ਤਾਂ ਉਹ ਜ਼ਿਆਦਾ ਖੇਤਰ ‘ਤੇ ਪੈਂਦੀ ਹੈ... ਕਿਰਨਾਂ ਦੁਆਰਾ ਹੋਣ ਵਾਲੀ ਗਰਮੀ ਜ਼ਿਆਦਾ ਖੇਤਰ ‘ਚ ਫੈਲਣ ਨਾਲ ਗਰਮੀ ਦਾ ਪ੍ਰਭਾਵ ਘੱਟ ਹੋਣ ਲੱਗਦਾ ਹੈ..

**ਮਨਜੀਤ** : ਇਸੇ ਤਰ੍ਹਾਂ ਤੁਸੀਂ ਜਿੰਨਾਂ ਉੱਪਰ ਜਾਂਦੇ ਹੋ, ਤਾਪਮਾਨ ਓਨਾਂ ਹੀ ਘੱਟ ਹੁੰਦਾ ਜਾਂਦਾ ਹੈ....

**ਸੁਨੀਲ** : ਸੂਰਜ ਦੀਆਂ ਕਿਰਨਾਂ ਦੀ ਦਿਸ਼ਾ ਅਤੇ ਸਥਾਨ ਦੀ ਉੱਚਾਈ, ਦੋ ਮਹੱਤਵਪੂਰਨ ਕਾਰਕ ਹਨ ਜਿਹੜੇ ਕਿਸੇ ਸਥਾਨ ਦੇ ਜਲਵਾਯੂ ਦੀ ਭਿੰਨਤਾ ਨੂੰ ਪ੍ਰਭਾਵਿਤ ਕਰਦੇ ਹਨ..

**ਮਨਜੀਤ** : ਕੀ ਧਰਤੀ ਦੇ ਜਲਵਾਯੂ ਦੀ ਭਿੰਨਤਾ ਨੂੰ ਪ੍ਰਭਾਵਿਤ ਕਰਨ ਵਾਲੇ ਕੋਈ ਹੋਰ ਕਾਰਕ ਵੀ ਹਨ..

**ਸੁਨੀਲ** : ਬਹੁਤ ਸਾਰੇ ਅਜਿਹੇ ਕਾਰਕ ਹਨ.. ਮਹਾਂਸਾਗਰਾਂ ਦੀਆਂ ਧਾਰਾਵਾਂ, ਉਚਾਈ, ਅਕਸ਼ਾਂਸ਼, ਚੱਲਣ ਵਾਲੀਆਂ ਹਵਾਵਾਂ, ਪਾਣੀ ਦੀ ਨੇੜਤਾ ਆਦਿ...

**ਕਮਲਾ** : ਕੀ ਤੁਹਾਨੂੰ ਨਹੀਂ ਲੱਗਦਾ ਕਿ ਇਹ ਸਾਰਾ ਸਮਝਣਾ ਮਨਜੀਤ ਲਈ ਬਹੁਤ ਮੁਸ਼ਕਿਲ ਹੋਵੇਗਾ.. ਉਹ ਇਹ ਸਭ ਸਮਝਣ ਦੇ ਲਈ ਬਹੁਤ ਛੋਟੀ ਹੈ..

**ਸੁਨੀਲ** : ਤੁਸੀਂ ਚਿੰਤਾ ਨਾ ਕਰੋ.. ਹੁਣ ਬਾਕੀ ਦੀਆਂ ਗੱਲਾਂ ਉਸ ਨੂੰ ਸਵੇਰੇ ਦੱਸਾਂਗਾ ਜਦੋਂ ਸਵੇਰੇ ਚੜ੍ਹਦਾ ਸੂਰਜ ਦੇਖਣ ਚੱਲਾਂਗੇ.. ਉਹ ਉੱਥੇ ਦੇਖੇਗੀ ਵੀ ਅਤੇ ਸਿੱਖੇਗੀ ਵੀ..

**(ਦੋਵੇਂ ਹੱਸਦੇ ਹਨ)**

**ਮਨਜੀਤ** : ਤੁਸੀਂ ਮੇਰਾ ਮਜ਼ਾਕ ਉਡਾ ਰਹੇ ਹੋ.. ਹੈ ਨਾ..

**ਕਮਲਾ** : ਨਹੀਂ ਬੇਟੀ.. ਬਸ ਹੁਣ ਅੰਕਲ ਨੂੰ ਨੀਂਦ ਆ ਰਹੀ ਹੈ ਅਤੇ ਮੈਨੂੰ ਵੀ.. ਇਸ ਲਈ ਬਾਕੀ ਗੱਲਾਂ ਅਸੀਂ ਸਵੇਰੇ ਕਰਾਂਗੇ..

**ਸੁਨੀਲ** : ਮਨਜੀਤ..! ਧਿਆਨ ਰਹੇ.. ਕੱਲ੍ਹ ਸਵੇਰੇ ਪੰਜ ਵਜੇ ਉਠਣਾ ਹੈ.. ਅਸੀਂ ਚੜ੍ਹਦਾ ਸੂਰਜ ਵੇਖਣ ਜਾਣਾ ਹੈ.. ਦੇਰ ਹੋ ਗਈ ਤਾਂ ਸੂਰਜ ਸਾਡਾ ਇੰਤਜ਼ਾਰ ਨਹੀਂ ਕਰੇਗਾ..

**ਮਨਜੀਤ** : ਓ ਵਾਹ! ਫਿਰ ਤਾਂ ਬਹੁਤ ਮਜ਼ਾ ਆਏਗਾ..

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪੰਜਵਾਂ**......

**(ਬਿਲਕੁਲ ਸ਼ਾਂਤੀ, ਫਿਰ ਅਲਾਰਮ ਵੱਜਦਾ ਹੈ, ਮਨਜੀਤ ਉੱਠ ਜਾਂਦੀ ਹੈ)**

**ਮਨਜੀਤ** : ਮੰਮੀ ਜਲਦੀ ਉੱਠੋ.. ਸੁਨੀਲ ਅੰਕਲ ਸਾਡਾ ਇੰਤਜ਼ਾਰ ਕਰ ਰਹੇ ਹੋਣਗੇ.. ਮੈਂ ਚੜ੍ਹਦਾ ਸੂਰਜ ਵੇਖਣਾ ਚਾਹੁੰਦੀ ਹਾਂ.. ਜਲਦੀ ਕਰੋ..

**ਕਮਲਾ** : ਠੀਕ ਹੈ, ਚੱਲ ਤਿਆਰ ਹੋ ਜਾ... ਮੈਂ ਤੇਰੇ ਦਾਦੂ ਜੀ ਨੂੰ ਜਗਾਉਂਦੀ ਹਾਂ...

**(ਕਮਲਾ ਦਰਵਾਜ਼ਾ ਖਟਖਟਾਉਂਦੀ ਹੈ)**

**ਕਮਲਾ** : ਪਾਪ ਜੀ ਉਠ ਜਾਉ.. ਅਸੀਂ ਚੜ੍ਹਦਾ ਸੂਰਜ ਵੇਖਣ ਲਈ ਨਿਕਲਣਾ ਹੈ..

**(ਦਰਵਾਜ਼ਾ ਖੁੱਲ੍ਹਦਾ ਹੈ)**

**ਰਾਜਿੰਦਰ ਸਿੰਘ**: ਮੈਂ ਤਾਂ ਜਲਦੀ ਹੀ ਉੱਠ ਗਿਆ ਸੀ ਅਤੇ ਤਿਆਰ ਵੀ ਹੋ ਗਿਆ.. ਜਲਦੀ ਸੌਂ ਗਿਆ ਸੀ ਤਾਂ ਸਵੇਰੇ ਨੀਂਦ ਜਲਦੀ ਹੀ ਖੁੱਲ ਗਈ..

**ਮਨਜੀਤ** : ਮੈਂ ਵੀ ਤਿਆਰ ਹੋ ਗਈ ਹਾਂ.. ਹੁਣ ਚੱਲੋ.. ਪਰ ਸੁਨੀਲ ਅੰਕਲ ਕਿੱਥੇ ਹਨ?

**ਕਮਲਾ** : ਉਹ ਆਪਣੇ ਕਮਰੇ 'ਚ ਹੋਣਗੇ.. ਜਾਹ, ਬੁਲਾ ਕੇ ਲਿਆ.. ਮੈਂ ਉਦੋਂ ਤੱਕ ਚਾਹ ਬਣਾਕੇ ਲਿਆਉਂਦੀ ਹਾਂ..

**ਮਨਜੀਤ** : ਠੀਕ ਹੈ ਮੰਮੀ..

**ਸੁਨੀਲ** : ਸਾਰੇ ਤਿਆਰ ਹੋ ਗਏ..? ਚੱਲੋ ਨਿਕਲਦੇ ਹਾਂ.. ਲਕਸ਼ਮਣ ਬਾਹਰ ਗੱਡੀ ਵਿਚ ਇੰਤਜ਼ਾਰ ਕਰ ਰਿਹਾ ਹੋਵੇਗਾ.. ਮੈਂ ਉਸ ਨੂੰ ਪਹਿਲਾਂ ਹੀ ਸਵੇਰ ਦੇ ਪ੍ਰੋਗਰਾਮ ਬਾਰੇ ਦੱਸ ਦਿੱਤਾ ਸੀ..

**ਕਮਲਾ** : ਚਾਹ ਤੇ ਨਾਸ਼ਤਾ ਵੀ ਤਿਆਰ ਹੈ.. ਚੱਲੋ ਸਾਢੇ ਪੰਜ ਵੱਜ ਗਏ..

**ਮਨਜੀਤ** : ਅੰਕਲ.. ਕਿਵੇਂ ਹੋ ਤੁਸੀਂ? ਸਾਨੂੰ ਚੜ੍ਹਦਾ ਸੂਰਜ ਵਿਖਾਉਣ ਲਈ ਛੇਤੀ ਲੈ ਚੱਲੋ..

**ਲਕਸ਼ਮਣ** : ਇੱਥੇ ਦਾ ਚੜ੍ਹਦਾ ਸੂਰਜ ਬਹੁਤ ਸੁੰਦਰ ਹੁੰਦਾ ਹੈ.. ਤੁਹਾਨੂੰ ਬਹੁਤ ਮਜ਼ਾ ਆਏਗਾ.. ਨਮਸਤੇ ਸਾਹਿਬ.. ਨਮਸਤੇ ਮੈਡਮ..

......**ਦ੍ਰਿਸ਼ ਬਦਲਾਅ ਸੰਗੀਤ**......

**......ਦ੍ਰਿਸ਼ ਛੇਵਾਂ......**

**(ਗੱਡੀ ਦੇ ਸ਼ੁਰੂ ਹੋਣ ਦੀ ਆਵਾਜ਼... ਅਤੇ ਫਿਰ ਤੇਜ਼ੀ ਨਾਲ ਚੱਲਦੇ ਹੋਏ ਰੁਕਣ ਦੀ ਆਵਾਜ਼, ਸਾਰੇ ਉੱਤਰਦੇ ਹਨ)**

**ਸੁਨੀਲ** : ਅਸੀਂ ਨੈਨਾ ਚੋਟੀ 'ਤੇ ਹਾਂ.. ਇਹ ਇਥੋਂ ਦੀ ਸਭ ਤੋਂ ਉੱਚੀ ਪਹਾੜੀ ਹੈ.. ਅਤੇ ਨੈਨੀਤਾਲ ਵਿਚ ਪ੍ਰਸਿੱਧ ਸੈਰ ਸਪਾਟਾ ਸਥਾਨਾਂ 'ਚੋਂ ਇਕ ਹੈ.. ਮਨਜੀਤ, ਆ ਇੱਥੇ ਉੱਪਰ ਖੜ੍ਹੀ ਹੋ ਜਾਹ... ਹੁਣ ਵੇਖ ਕਿ ਅਸੀਂ ਕਿੰਨੀ ਉੱਚਾਈ 'ਤੇ ਹਾਂ.. ਤੂੰ ਇੱਥੋਂ ਪੂਰਾ ਨੈਨੀਤਾਲ ਸ਼ਹਿਰ ਵੇਖ ਸਕਦੀ ਹੈਂ.. ਅਤੇ ਅਸੀਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਨੂੰ ਵੇਖ ਸਕਦੇ ਹਾਂ.. ਕੀ ਤੂੰ ਅਜਿਹਾ ਪਹਿਲਾਂ ਕਦੇ ਵੇਖਿਆ ਹੈ...

**ਮਨਜੀਤ** : ਵਾਹ! ਬਹੁਤ ਹੀ ਸੁੰਦਰ ਦ੍ਰਿਸ਼ ਹੈ...

**(ਮਧੁਰ ਸੰਗੀਤ ਵੱਜਦਾ ਹੈ, ਹੌਲੀ-ਹੌਲੀ ਬੰਦ ਹੋ ਜਾਂਦਾ ਹੈ)**

**ਮਨਜੀਤ** : ਮੈਨੂੰ ਤਾਂ ਸੂਰਜ ਵਿਖਾਈ ਹੀ ਨਹੀਂ ਦੇ ਰਿਹਾ.. ਬਸ ਰੌਸ਼ਨੀ ਹੋ ਗਈ ਹੈ.. ਹਨ੍ਹੇਰਾ ਹਟ ਗਿਆ ਹੈ.. ਪਰ ਸੂਰਜ ਕਿੱਥੇ ਹੈ?

**ਕਮਲਾ** : ਸੂਰਜ ਨਹੀਂ ਦਿਸ ਰਿਹਾ! ਠੀਕ ਤਰ੍ਹਾਂ ਨਿਕਲਿਆ ਹੀ ਨਹੀਂ.. ਇਸੇ ਲਈ ਐਨੀ ਠੰਡ ਹੈ ਇੱਥੇ.. ਜੇਕਰ ਸੂਰਜ ਠੀਕ ਤਰ੍ਹਾਂ ਨਿਕਲ ਜਾਏ ਤਾਂ ਐਨੀ ਸਰਦੀ ਨਹੀਂ ਹੋਵੇਗੀ.. ਯਾਦ ਹੈ ਸੁਨੀਲ ਅੰਕਲ ਨੇ ਤੈਨੂੰ ਦੱਸਿਆ ਸੀ..

**ਰਾਜਿੰਦਰ ਸਿੰਘ:** ਇੱਥੇ ਆ ਕੇ ਬਹੁਤ ਚੰਗਾ ਲੱਗ ਰਿਹਾ ਹੈ.. ਅਤੇ ਮਨਜੀਤ, ਹੁਣ ਸੁਨੀਲ ਅੰਕਲ ਤੋਂ ਹੋਰ ਸਵਾਲ ਪੁੱਛਣੇ ਹਨ ਜਾਂ ਰਾਤ ਦੀ ਗੱਲਬਾਤ ਕਾਫ਼ੀ ਸੀ.. ਕੁਝ ਬਚਿਆ ਹੋਵੇ ਤਾਂ ਪੁੱਛ ਲੈ...

**ਕਮਲਾ** : ਪਾਪਾ ਜੀ। ਸੁਨੀਲ, ਮਨਜੀਤ ਨੂੰ ਇੱਥੇ ਲੈ ਕੇ ਹੀ ਇਸ ਲਈ ਆਏ ਹਨ.. ਕਿਉਂ ਸੁਨੀਲ, ਤੁਸੀਂ ਇਸ ਨੂੰ ਉਚਾਈ ਦੀ ਧਾਰਨਾ ਦੇ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਹੇ ਹੋ.. ਹੈ ਨਾ..

**ਸੁਨੀਲ** : ਹਾਂ, ਹੋਰ ਵੀ ਕੁਝ ਗੱਲਾਂ ਦੱਸਣੀਆਂ ਹਨ ਇਸ ਨੂੰ.. ਮਨਜੀਤ ਵੇਖ, ਅਸੀਂ ਕਿੰਨੀ ਉਚਾਈ 'ਤੇ ਖੜ੍ਹੇ ਹਾਂ.. ਉਚਾਈ ਸਮੁੰਦਰ ਦੇ ਪੱਧਰ ਦੇ ਅਧਾਰ 'ਤੇ ਤੈਅ ਹੁੰਦੀ ਹੈ.. ਉੱਚਾਈ ਦੇ ਹਰ 160 ਮੀਟਰ ਦੇ ਲਈ ਤਾਪਮਾਨ ਔਸਤਨ ਲਗਭਗ 1 ਡਿਗਰੀ ਸੈਲਸੀਅਸ ਡਿੱਗਦਾ ਹੈ.. ਉਚਾਈ ਜਿੰਨੀ ਜ਼ਿਆਦਾ ਹੋਵੇਗੀ, ਉਨ੍ਹਾਂ ਹੀ ਘੱਟ ਤਾਪਮਾਨ..!

**ਮਨਜੀਤ** : ਇਸੇ ਲਈ ਸਾਡੇ ਘਰ ਦੇ ਮੁਕਾਬਲੇ ਇੱਥੇ ਜ਼ਿਆਦਾ ਠੰਢ ਹੁੰਦੀ ਹੈ.. ਅਤੇ ਜਿੰਨਾ ਉੱਪਰ ਜਾਵਾਂਗੇ, ਓਨੀ ਜ਼ਿਆਦਾ ਠੰਡ ਹੋਵੇਗੀ..

**ਕਮਲਾ** : ਬਿਲਕੁਲ ਸਹੀ.. ਤੂੰ ਤਾਂ ਬਹੁਤ ਸਮਝਦਾਰ ਹੋ ਗਈ ਏਂ..

**ਸੁਨੀਲ** : ਇਸ ਵਿਚ ਤਾਂ ਕੋਈ ਸ਼ੱਕ ਨਹੀਂ... ਪਰ ਇੱਥੇ ਅਸੀਂ ਇਸ ਧਾਰਨਾ ਬਾਬਤ ਬਹੁਤ ਹੀ ਸਥਾਨਕ ਪੱਧਰ 'ਤੇ ਚਰਚਾ ਕਰ ਰਹੇ ਹਾਂ.. ਪੂਰੀ ਧਰਤੀ ਦੇ ਸੰਦਰਭ ਵਿਚ ਸੋਚ ਕੇ ਵੇਖ..ਖਾਂ ! ਧਾਰਨਾ ਉਹੀ ਹੈ, ਸਿਰਫ਼ ਖੇਤਰ ਵਧਦਾ ਹੈ..

**ਮਨਜੀਤ** : ਸਮਝ ਗਈ ਅੰਕਲ.. ਇੱਥੇ ਤਾਂ ਵੇਖ ਲਿਆ.. ਹੁਣ ਅਸੀਂ ਚੱਲੀਏ ਇੱਥੋਂ..

**ਲਕਸ਼ਮਣ** : ਅਸੀਂ ਇੱਥੇ ਨੇੜੇ ਦੇ ਕੈਫ਼ੇ ਵਿਚ ਬੈਠ ਸਕਦੇ ਹਾਂ.. ਉੱਥੇ ਚਾਹ ਪੀਂਦੇ ਹਾਂ.. ਥੋੜ੍ਹੀ ਗਰਮੀ ਆਏਗੀ..

**ਸੁਨੀਲ** : ਬਹੁਤ ਚੰਗਾ ਵਿਚਾਰ ਹੈ..!

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਸੱਤਵਾਂ** ……

**(ਸਾਰੇ ਕੈਫ਼ੇ ਦੇ ਵੱਲ ਜਾਂਦੇ ਹਨ, ਚੱਲਣ ਦੀ ਆਵਾਜ਼, ਕੈਫ਼ੇ ਵਿਚ ਲੋਕਾਂ ਦੇ ਬੋਲਣ ਦੀਆਂ ਆਵਾਜ਼ਾ, ਕੁਰਸ਼ੀਆਂ ਅਤੇ ਮੇਜ਼ ਖਿਸਕਣ ਦੀਆਂ ਆਵਾਜ਼ਾਂ)**

**ਸੁਨੀਲ** : ਇਕ ਚੀਜ਼ ਦੱਸਣਾ ਤਾਂ ਮੈਂ ਭੁੱਲ ਹੀ ਗਿਆ.. ਜਲਵਾਯੂ ਪਰਿਵਰਤਨ ਦਾ ਅਗਲਾ ਮਹੱਤਵਪੂਰਨ ਕਾਰਕ ਜਲ ਸ੍ਰੋਤਾਂ ਨਾਲ ਨੇੜਤਾ ਹੈ.. ਭੂਮੀ ਪਾਣੀ ਦੇ ਮੁਕਾਬਲੇ ਗਰਮੀ ਨੂੰ ਬਹੁਤ ਛੇਤੀ ਸੋਖਦੀ ਅਤੇ ਛੱਡਦੀ ਹੈ.. ਕੁਝ ਖੇਤਰ ਜਿਹੜੇ ਪਾਣੀ ਦੇ ਨੇੜੇ ਹੁੰਦੇ ਹਨ.. ਉੱਥੋਂ ਦਾ ਸਾਲਾਨਾ ਤਾਪਮਾਨ ਬਹੁਤ ਘੱਟ ਬਦਲਦਾ ਹੈ..

**ਮਨਜੀਤ** : ਓ.ਕੇ. …. ਇਹ ਸਮਝਣਾ ਤਾਂ ਐਨਾ ਮੁਸ਼ਕਿਲ ਨਹੀਂ ... ਅੰਕਲ ਤੁਸੀਂ ਸਮਝਾਉਂਦੇ ਬੜਾ ਵਧੀਆ ਹੋ…. ਮੈਨੂੰ ਹਰ ਗੱਲ ਚੰਗੀ ਤਰ੍ਹਾਂ ਸਮਝ ਆ ਰਹੀ ਹੈ

**ਸੁਨੀਲ** : ਪਹਾੜ ਦੇ ਦੋਵੇਂ ਪਾਸੇ ਜਲਵਾਯੂ ਅਕਸਰ ਅਲੱਗ-ਅਲੱਗ ਹੁੰਦਾ ਹੈ.. ਪਹਾੜ ਦੇ ਇੱਕ ਪਾਸੇ ਜਦੋਂ ਹਵਾ ਉੱਪਰ ਉਠਦੀ ਹੈ.. ਤਾਂ ਇਹ ਠੰਡੀ ਹੁੰਦੀ ਜਾਂਦੀ ਹੈ.. ਸੰਘਣੀ ਹੋ ਜਾਂਦੀ ਹੈ.. ਜਿਸ ਨਾਲ ਇਹ ਉਸ ਇਲਾਕੇ ‘ਚ ਬਾਰਸ਼ ਕਰਦੀ ਹੈ.. ਪਰ ਜਦੋਂ ਸੁੱਕੀ ਹਵਾ ਪਹਾੜੀ ਉੱਪਰੋਂ ਦੂਜੇ ਪਾਸੇ ਥੱਲੇ ਉਤਰਦੀ ਹੈ, ਤਾਂ ਇਹ ਗਰਮ ਹੋ ਜਾਂਦੀ ਹੈ ਇਸ ਨਾਲ ਆਮ ਤੌਰ ‘ਤੇ ਰੇਗਿਸਤਾਨ ਬਣਦਾ ਹੈ..

**ਕਮਲਾ** : ਇਹ ਪਹਾੜੀਆਂ ਦਾ ਅਸਰ ਹੁੰਦਾ ਹੈ.. ਜਿਵੇਂ-ਜਿਵੇਂ ਤੁਹਾਡੀਆਂ ਗੱਲਾਂ ਸੁਣ ਰਹੀ ਹਾਂ, ਮੇਰੇ ਮਨ ਵਿਚ ਵੀ ਇਕ ਸਵਾਲ ਉੱਠ ਰਿਹਾ ਹੈ…

**ਮਨਜੀਤ** : ਮੰਮੀ, ਤੁਸੀਂ ਵੀ (ਹੱਸਦੇ ਹੋਏ)

**ਕਮਲਾ** : ਹਾਂ, ਮੈਂ ਵੀ.. ਹੁਣ ਪੁੱਛ ਲਵਾਂ.. ਮਹਾਂਸਾਗਰਾਂ ਦੇ ਮਾਮਲੇ ਵਿਚ ਕੀ ਹੁੰਦਾ ਹੈ..?

**ਸੁਨੀਲ** : ਸਾਡੇ ਗ੍ਰਹਿ ਦੀ ਸਤ੍ਹਾ ਦਾ 70% ਤੋਂ ਜ਼ਿਆਦਾ ਹਿੱਸਾ ਮਹਾਂਸਾਗਰ ਹਨ.. ਕਲਪਨਾ ਕਰਨਾ ਵੀ ਮੁਸ਼ਕਿਲ ਹੈ, ਪਰ ਧਰਤੀ ਦਾ ਲਗਭਗ 97% ਪਾਣੀ ਸਾਡੇ ਮਹਾਂਸਾਗਰਾਂ ਵਿਚ ਪਾਇਆ ਜਾਂਦਾ ਹੈ.. ਬਾਕੀ ਦੇ ਪਾਣੀ ਚੋਂ 2% ਹਿੱਸਾ ਬਰਫ਼ ਹੈ..

**ਮਨਜੀਤ** : 97% ਮਹਾਂਸਾਗਰਾਂ ਵਿਚ.... ਤੇ … 2% ਹਿੱਸਾ ਬਰਫ਼ ਵਿੱਚ…… ਤਾਂ ਫਿਰ ਜਿਹੜਾ ਪਾਣੀ ਅਸੀਂ ਪੀਂਦੇ ਹਾਂ ਉਹ ਕਿੱਥੋਂ ਆਉਂਦਾ ਹੈ.. ਸਿਰਫ਼ 1% ਤੋਂ..

**ਸੁਨੀਲ** : ਹਾਂ.. ਜਲਵਾਯੂ ਪਰਿਵਰਤਨ ਦੇ ਸੰਦਰਭ ਵਿਚ.. ਮਹਾਂਸਾਗਰੀ ਧਾਰਾਵਾਂ ਆਪਣੇ ਉਪਰਲੀ ਹਵਾ ਨੂੰ ਗਰਮ ਜਾਂ ਠੰਡਾ ਕਰ ਸਕਦੀਆਂ ਹਨ.. ਇਹ ਧਾਰਾਵਾਂ ਤਾਪਮਾਨ ਨੂੰ ਵਿਸ਼ੇਸ਼ ਰੂਪ ਨਾਲ ਪ੍ਰਭਾਵਿਤ ਕਰਦੀਆਂ ਹਨ, ਖਾਸ ਤੌਰ ‘ਤੇ ਤੱਟੀ ਖੇਤਰਾਂ ਵਿਚ.. ਧਰਤੀ ‘ਤੇ ਮੌਜੂਦ ਕਈ ਤੱਟੀ ਖੇਤਰ ਇਹਨਾਂ ਧਾਰਾਵਾਂ ਕਾਰਨ ਕਾਫੀ ਨਿੱਘੇ ਰਹਿੰਦੇ ਹਨ ਨਹੀਂ ਤਾਂ ਓਥੇ ਸਰਦੀਆਂ ਵਿਚ ਪੈਣ ਵਾਲੀ ਠੰਡ ਬਹੁਤ ਭਿਆਨਕ ਹੋਣੀ ਸੀ

**ਕਮਲਾ** : ਅਸੀਂ ਜਲ ਸ੍ਰੋਤਾਂ ਦੇ ਬਾਰੇ ਗੱਲ ਕਰ ਰਹੇ ਹਾਂ, ਹੁਣ ਨੈਨੀ ਝੀਲ ਵਿਚ ਬੋਟਿੰਗ ਵੀ ਹੋ ਜਾਏ…

**ਮਨਜੀਤ** : ਮਜ਼ਾ ਆਏਗਾ... ਨੈਨੀ ਝੀਲ ਹੋਵੇਗਾ ਸਾਡਾ ਅਗਲਾ ਪੜਾਅ..

**ਲਕਸ਼ਮਣ** : ਅਜਿਹੇ ਤਾਂ ਬਹੁਤ ਸਾਰੇ ਪਹਾੜ ਹਨ.. ਰਾਕੇਸ਼ ਸਰ ਨੇ ਮੈਨੂੰ ਜ਼ਿੰਮੇਵਾਰੀ ਦਿੱਤੀ ਹੈ ਕਿ ਤੁਹਾਨੂੰ ਨੈਨੀਤਾਲ ਦਾ ਹਰ ਕੋਨਾ ਘੁਮਾ ਦੇਵਾਂ.. ਮੈਂ ਤੁਹਾਨੂੰ ਸਾਰੀਆਂ ਥਾਵਾਂ 'ਤੇ ਲੈ ਕੇ ਜਾਵਾਂਗਾ.. ਮੈਂ ਉਸੇ ਹਿਸਾਬ ਨਾਲ ਤਿਆਰੀ ਵੀ ਕਰ ਲਈ ਹੈ.. ਸਭ ਤੋਂ ਪਹਿਲਾਂ ਉਡਣ ਖਟੋਲੇ ਦੀ ਸਵਾਰੀ 'ਤੇ ਚੱਲਦੇ ਹਾਂ.. ਉਸ ਦੇ ਬਾਅਦ ਬੋਟਿੰਗ ਅਤੇ ਫਿਰ ਮਾਲ ਰੋਡ 'ਤੇ ਖਰੀਦਦਾਰੀ ਵੀ ਤਾਂ ਕਰਨੀ ਹੈ..

**ਰਾਜਿੰਦਰ ਸਿੰਘ:** ਓ ਮੇਰੇ ਬਾਰੇ ਵੀ ਤਾਂ ਸੋਚੋ.. ਮੈਨੂੰ ਵਿਚ-ਵਿਚ ਅਰਾਮ ਵੀ ਕਰਨਾ ਪਏਗਾ.. ਮੈਂ ਐਨਾ ਕੁਝ ਇਕ ਵਾਰ 'ਚ ਨਹੀਂ ਘੁੰਮ ਸਕਦਾ...

**ਲਕਸ਼ਮਣ** : ਮੈਂ ਉਸ ਦਾ ਪੂਰਾ ਪ੍ਰਬੰਧ ਕਰ ਲਿਆ ਹੈ ਸਾਹਿਬ..

**ਸੁਨੀਲ** : ਤਾਂ ਫਿਰ ਨਿਕਲਦੇ ਹਾਂ.. ਪਰ ਚੱਲਣ ਤੋਂ ਪਹਿਲਾਂ ਇਹ ਜ਼ਰੂਰ ਚਖਣਾ ਚਾਹੀਦਾ ਹੈ.. ਇੱਥੋਂ ਦੀ ਮਸ਼ਹੂਰ ਮਿਠਾਈ.. ਹਵਾ ਮਿਠਾਈ..

**(ਸਾਰੇ ਮਿਠਾਈ ਖਾਂਦੇ ਹਨ.. ਹੱਸਣ ਦੀ ਆਵਾਜ਼.. ਗੱਲਾਂ ਕਰਨ ਦੀ ਆਵਾਜ਼.. ਹੌਲੀ-ਹੌਲੀ ਹਲਕੇ ਸੰਗੀਤ ਦੇ ਨਾਲ ਕੜੀ ਸਮਾਪਤ)**

**********************************

**ਪ੍ਰਸ਼ਨ:**

**ਪ੍ਰਸ਼ਨ 1 : ਪਹਾੜਾਂ 'ਤੇ ਠੰਢ ਕਿਉਂ ਹੁੰਦੀ ਹੈ ?**

ਉੱਤਰ: ਜਿਉਂ ਜਿਉਂ ਅਸੀਂ ਉੱਪਰ ਜਾਂਦੇ ਹਾਂ ਹਵਾ ਫੈਲਣ ਵਾਸਤੇ ਗਰਮੀ ਸੋਖਦੀ ਜਾਂਦੀ ਹੈ ਜਿਸ ਕਰਕੇ ਉਥੇ ਤਾਪਮਾਨ ਗਿਰ ਜਾਂਦਾ ਹੈ ।

**ਪ੍ਰਸ਼ਨ 2 : ਭੂ ਮੱਧ ਰੇਖਾ 'ਤੇ ਤੇਜ ਗਰਮੀ ਕਿਉਂ ਪੈਂਦੀ ਹੈ ?**

ਉੱਤਰ: ਕਿਉਂ ਜੋ ਇਥੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ ਜਿਸ ਕਰਕੇ ਜਿਆਦਾ ਕਿਰਨਾ ਘੱਟ ਥਾਂ ਤੇ ਪੈ ਜਾਂਦੀਆਂ ਹਨ ।